# ਐਲੀਮੈਂਟਰੀ ਸਿੱਖਿਆ ਵਿੱਚ ਡਿਪਲੋਮਾ

(ਡੀ.ਐੱਲ.ਐੱਡ.)

**ਕੋਰਸ 509**

## ਅਪਰ ਪ੍ਰਾਇਮਰੀ ਪੱਧਰ ’ਤੇ ਸਮਾਜਿਕ ਵਿਗਿਆਨ ਦੀ ਸਿਖਲਾਈ

**ਬਲਾਕ-1**

## ਇੱਕ ਅਨੁਸ਼ਾਸਨ ਦੇ ਰੂਪ ਵਿੱਚ ਸਮਾਜਿਕ ਵਿਗਿਆਨ ਦੀ ਸਮਝ


**ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ**

**ਏ-24/25, ਇੰਡਸਟਰੀਅਲ ਏਰੀਆ, ਸੈਕਟਰ-62,**

**ਨੋਇਡਾ ਗੌਤਮ ਬੁੱਧ ਨਗਰ, ਯੂਪੀ-201309**

**ਵੈਬਸਾਈਟ: www.nios.ac.in**

## Declaration/ Disclaimer

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/ meaning the source version i.e material in English medium shall prevail.

## ਘੋਸ਼ਣਾ

ਇਹ ਡੀ.ਈਐੱਲ.ਈਡੀ. ਲਈ www.dled.nios.ac.in 'ਤੇ ਉਪਲੱਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ, ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿੱਚ ਅੰਗਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ।

ਨੋਟ

# ਇਕਾਈ 1 : ਸਮਾਜ ਵਿਗਿਆਨ ਦੀ ਪ੍ਰਕਿਰਤੀ

## ਸੰਰਚਨਾ

1.0 ਪਰਿਚੈ

1.1 ਸਿੱਖਣ ਦੇ ਮੰਤਵ

1.2 ਸਮਾਜਕ ਵਿਗਿਆਨ : ਵਿਗਸਾਓ ਅਤੇ ਸੰਕਲਪਨ

  1.2.1 ਸਮਾਜ ਵਿਗਿਆਨ ਦਾ ਵਿਗਸਾਓ

  1.2.2 ਸਮਾਜ ਵਿਗਿਆਨ ਦਾ ਸੰਕਲਪਨ ਅਤੇ ਇਸ ਦਾ ਸਮਾਜਕ ਅਧਿਐਨ ਦੇ ਸੰਕਲਪਨ ਨਾਲ ਸੰਬੰਧ

  1.2.3 ਉੱਪਰੀ ਪ੍ਰਾਇਮਰੀ ਸਕੂਲ ਪਾਠਕ੍ਰਮ ਵਿੱਚ ਸਮਾਜ ਵਿਗਿਆਨ

1.3 ਸਮਾਜ ਵਿਗਿਆਨ : ਦੌਰ ਦੇ ਨਾਲ

  1.3.1 ਪੂਰਵ-ਆਧੁਨਿਕ ਦੁਨੀਆ ਵਿੱਚ ਸਮਾਜ ਵਿਗਿਆਨ

  1.3.2 ਆਧੁਨਿਕ ਅਤੇ ਸਮਕਾਲੀ ਦੁਨੀਆ ਵਿੱਚ ਸਮਾਜ ਵਿਗਿਆਨ

  1.3.3 ਸਮਾਜ ਵਿਗਿਆਨ ਦੇ ਭਾਰਤੀ ਪਰਿਪੇਖ : ਦੌਰ ਦੇ ਨਾਲ

1.4 ਸਮਾਜ ਦਾ ਵਰਤਮਾਨ ਰੁਤਬਾ

  1.4.1 ਵਰਤਮਾਨ ਸਮਾਜਕ ਵਰਤਾਰਾ ਅਤੇ ਚੁਣੌਤੀਆਂ

  1.4.2 ਵੱਖਰਿਆਇ ਸਮਾਜ ਵਿੱਚ ਸਮਾਜ ਵਿਗਿਆਨ ਦਾ ਕਾਰਜ ਖੇਤਰ

1.5 ਸਮਾਜ ਵਿਗਿਆਨ ਦੇ ਸੰਘਟਕ

  1.5.1 ਸਮਾਜ ਵਿਗਿਆਨ ਪਰਿਵਾਰ ਅਧੀਨ ਵਿਚਾਰੇ ਵਿਸ਼ੇ

  1.5.2 ਸਕੂਲ ਪੱਧਰ ’ਤੇ ਸਮਾਜ ਵਿਗਿਆਨ ਦੇ ਦਿਸ਼ਾਤਮਕ ਸੰਘਟਕ

1.6 ਸਮਾਜ ਵਿਗਿਆਨ ਵਿੱਚ ਅੰਤਰਅਨੁਸ਼ਾਸਨੀ ਅਤੇ ਅਨੁਕੂਲਨ ਪਰਿਪੇਖ

  1.6.1 ਸਮਾਜ ਵਿਗਿਆਨ ਵਿੱਚ ਅੰਤਰਅਨੁਸ਼ਾਸਨੀ ਪਰਿਪੇਖ

  1.6.2 ਸਮਾਜ ਵਿਗਿਆਨ ਵਿੱਚ ਅਨੁਕੂਲਨ ਪਰਿਪੇਖ

1.7 ਸਾਰਾਂਸ਼


ਨੋਟ

1.8 ਸ਼ਬਦ ਸੰਗ੍ਰਹਿ/ਸੰਖੇਪ

1.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

1.10 ਸੁਝਾਏ ਅਧਿਐਨ ਅਤੇ ਸੰਦਰਭ

1.11 ਇਕਾਈ ਅੰਤ ਅਭਿਆਸ

## 1.0 ਪਰਿਚੈ

ਸਮਾਜ ਵਿਗਿਆਨ ਗਿਆਨ ਦਾ ਇੱਕ ਖੇਤਰ ਹੈ ਜਿਹੜਾ ਕਿ ਮਹਿਲਾ/ਪੁਰਸ਼ ਦਾ ਉਸ ਦੇ ਸਮਾਜਕ ਸੱਭਿਆਚਾਰਕ ਵਾਤਾਵਰਣ ਨਾਲ ਸੰਬੰਧ ਦਾ ਅਧਿਐਨ ਕਰਦਾ ਹੈ। ਅਧਿਐਨ ਦੇ ਰਸਮੀ ਖੇਤਰ ਦੇ ਤੌਰ ’ਤੇ ਸਮਾਜ ਵਿਗਿਆਨ ਦਾ ਜਨਮ (ਆਮਤੌਰ ’ਤੇ ਉੱਚ ਸਿੱਖਿਆ/ਯੂਨੀਵਰਸਿਟੀ ਸਿੱਖਿਆ ਪੱਧਰ ’ਤੇ ਅਧਿਐਨ ਦਾ ਖੇਤਰ) ਅਠਾਰਵੀਂ ਸਦੀ ਵਿੱਚ ਹੋਇਆ ਅਤੇ ਵੀਹਵੀਂ ਸਦੀ ਤੋਂ ਸਮਾਜ ਵਿਗਿਆਨ ਭਾਰਤ ਸਮੇਤ ਦੁਨੀਆ ਭਰ ਦੇ ਦੇਸ਼ਾਂ ਵਿੱਚ ਸਕੂਲੀ ਪਾਠਕ੍ਰਮ ਦਾ ਭਾਗ ਬਣ ਚੁੱਕਾ ਹੈ। ਤੁਸੀਂ ਯਾਦ ਕਰੋ ਕਿ ਜਦੋਂ ਤੁਸੀਂ ਸਕੂਲ ਵਿੱਚ ਪੜ੍ਹ ਰਹੇ ਸੀ, ਤੁਸੀਂ ਆਪਣੇ ਸਕੂਲੀ ਵਿਸ਼ਿਆਂ ਦੇ ਭਾਗ ਦੇ ਤੌਰ ’ਤੇ ਸਮਾਜ ਵਿਗਿਆਨ (ਜਾਂ ਸਮਾਜਕ ਅਧਿਐਨ) ਵੀ ਪੜ੍ਹਿਆ ਹੋਵੇਗਾ। ਇਸ ਇਕਾਈ ਵਿੱਚ ਅਸੀਂ ਸਮਾਜ ਵਿਗਿਆਨ ਦੇ ਵਿਗਸਾਓ ਅਤੇ ਸੰਕਲਪਨ ਦੇ ਵਿਸ਼ੇਸ਼ ਸੰਦਰਭ ’ਚ ਸਮਾਜ ਵਿਗਿਆਨ, ਸਮਾਜ ਦਾ ਵਰਤਮਾਨ ਰੁਤਬਾ, ਸਮਾਜ ਵਿਗਿਆਨ ਦੇ ਸੰਘਟਕ ਦੇ ਵੀ ਰੂਬਰੂ ਹੋਵਾਂਗੇ। ਇਸ ਇਕਾਈ ਵਿੱਚ ਅਸੀਂ ਤੁਹਾਨੂੰ ਸਿਧਾਂਤਕ ਚਰਚਾਵਾਂ ਅਤੇ ਤਰਕਾਂ, ਹਕੀਕੀ ਮਿਸਾਲਾਂ ਅਤੇ ਅਨੁਭਵਾਂ ਅਤੇ ਪ੍ਰਤਿਰੂਪ ਪ੍ਰਾਜੈਕਟ ਆਧਾਰਤ ਗਤੀਵਿਧੀਆਂ ਅਤੇ ਅਮਲਾਂ ਰਾਹੀਂ ਸਮਾਜ ਵਿਗਿਆਨ ਦੀ ਪ੍ਰਕਿਰਤੀ ਦਾ ਵਰਨਣ ਕਰਾਂਗੇ।

**ਇਸ ਇਕਾਈ ਵਿੱਚ ਵਰਤੇ ਗਏ ਪੋਸਟਰ (ਜਾਂ ਪੋਸਟਰਾਂ ਦੀਆਂ ਤਸਵੀਰਾਂ) ਤਪਨ ਕੁਮਾਰ ਬਸੰਤੀਆ (2006) ਦੇ ਡਾਕਟੋਰਲ ਖੋਜ ਪੱਤਰ ਵਿੱਚੋਂ ਲਏ ਗਏ ਹਨ**

## 1.1 ਸਿੱਖਣ ਦੇ ਮੰਤਵ

ਇਸ ਇਕਾਈ ਦੇ ਅਧਿਐਨ ਮਗਰੋਂ ਤੁਸੀਂ ਯੋਗ ਹੋਵੋਗੇ :

- ਸਮਾਜ ਵਿਗਿਆਨ ਦੇ ਵਿਗਸਾਓ ਨੂੰ ਵਰਨਣ ਕਰਨ ਦੇ;
- ਸਮਾਜ ਵਿਗਿਆਨ ਦੇ ਸੰਕਲਪ ਅਤੇ ਸਮਾਜਕ ਅਧਿਐਨ ਦੇ ਸੰਕਲਪਨ ਨਾਲ ਇਸ ਦੇ ਸੰਬੰਧ ਨੂੰ ਵਰਨਣ ਕਰਨ ਦੇ;
- ਉੱਪਰੀ ਪ੍ਰਾਇਮਰੀ ਸਕੂਲ ਪਾਠਕ੍ਰਮ ਵਿੱਚ ਸਮਾਜ ਵਿਗਿਆਨ ਦੀ ਸਥਿਤੀ ਨੂੰ ਵਰਨਣ ਕਰਨ ਦੇ;
- ਸਮਾਜ ਵਿਗਿਆਨ ਦੀ ਪੂਰਵ ਆਧੁਨਿਕ, ਆਧੁਨਿਕ ਅਤੇ ਸਮਕਾਲੀ ਦੁਨੀਆ ਵਿੱਚ ਵਿਦਮਾਨ ਪ੍ਰਕਿਰਤੀ ਨੂੰ ਵਰਨਣ ਕਰਨ ਦੇ;
- ਭਿੰਨ ਦੌਰਾਂ ਦੌਰਾਨ ਸਮਾਜ ਵਿਗਿਆਨ ਦੇ ਭਾਰਤੀ ਪਰਿਪੇਖ ਨੂੰ ਵਰਨਣ ਕਰਨ ਦੇ;

- ਆਧੁਨਿਕ ਸਮਾਜਕ ਵਰਤਾਰੇ ਅਤੇ ਚੁਣੌਤੀਆਂ ਦੇ ਸੰਦਰਭ ਵਿੱਚ ਸਮਾਜ ਵਿਗਿਆਨ ਦੇ ਸਥਾਨ ਅਤੇ ਕਾਰਜ ਖੇਤਰ ਨੂੰ ਉਚਿਤ ਠਹਿਰਾਉਣ ਦੇ;
- ਸਮਾਜ ਵਿਗਿਆਨ ਪਰਿਵਾਰ ਤਹਿਤ ਵਿਚਾਰੇ ਗਏ ਵਿਸ਼ਿਆਂ ਦੀ ਸੂਚੀ;
- ਸਕੂਲੀ ਪੱਧਰ 'ਤੇ ਸਮਾਜ ਵਿਗਿਆਨ ਦੇ ਦਿਸ਼ਾਤਮਕ ਸੰਘਟਕਾਂ ਨੂੰ ਸ਼ਨਾਖਤ ਕਰਨ ਦੇ ਅਤੇ;
- ਸਮਾਜ ਵਿਗਿਆਨ ਵਿੱਚ ਅੰਤਰਅਨੁਸ਼ਾਸਨੀ ਅਤੇ ਅਨੁਕੂਲਣ ਪਰਿਪੇਖ ਨੂੰ ਵਰਨਣ ਕਰਨ ਦੇ;



ਨੋਟ

## 1.2 ਸਮਾਜ ਵਿਗਿਆਨ : ਵਿਸਾਓ ਅਤੇ ਸੰਕਲਪਨ

ਸਮਾਜ ਵਿਗਿਆਨ ਗਿਆਨ ਦੀ ਇੱਕ ਸ਼ਾਖਾ/ਖੇਤਰ ਨੂੰ ਨਿਰਮਤ ਕਰਦਾ ਹੈ। ਸਮਾਜ ਵਿਗਿਆਨ ਮਨੁੱਖੀ ਜੀਵਨ ਦੇ ਸਮਾਜਕ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਜੀਵਨ ਦੇ ਸਮਾਜਕ ਵਿਵਹਾਰ ਦੇ ਭਿੰਨ ਕੋਰ-ਸੰਘਟਕ ਹਨ - ਆਰਥਕ ਵਿਵਹਾਰ, ਰਾਜਨੀਤਕ ਵਿਵਹਾਰ, ਸੱਭਿਆਚਾਰਕ ਵਿਵਹਾਰ ਅਤੇ ਪਰੰਪਰਾ, ਰੀਤੀਆਂ ਅਤੇ ਸਮਾਜਕ ਸੰਸਥਾਨ, ਧਾਰਮਿਕ ਆਸਥਾ ਅਤੇ ਸਦਾਚਾਰ, ਸਮਾਜ ਵਿਚਲੀਆਂ ਕਦਰਾਂ-ਕੀਮਤਾਂ ਦੀ ਸ਼ੈਲੀ ਆਦਿ। ਸਮਾਜ ਵਿਗਿਆਨ ਦੋਵੇਂ ਯੂਨੀਵਰਸਿਟੀ/ਉੱਚ ਸਿੱਖਿਆ, ਨਾਲ ਹੀ ਸਕੂਲੀ ਪਾਠਕ੍ਰਮ ਦੇ ਅਹਿਮ ਸੰਘਟਕਾਂ 'ਤੇ ਕਬਜ਼ਾ ਕਰਦਾ ਹੈ। ਯੂਨੀਵਰਸਿਟੀ/ਉੱਚ ਸਿੱਖਿਆ/ਹਾਈ ਸਕੂਲ ਪੱਧਰ 'ਤੇ ਭਿੰਨ-ਭਿੰਨ ਸਮਾਜ ਵਿਗਿਆਨ ਦੇ ਵਿਸ਼ੇ ਜਿਵੇਂ ਇਤਿਹਾਸ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਮਾਨਵ ਵਿਗਿਆਨ ਪਾੜ੍ਹਿਆਂ ਨੂੰ ਸੁਤੰਤਰ/ਇੱਛਤ ਵਿਸ਼ਿਆਂ ਦੇ ਤੌਰ 'ਤੇ ਪੜ੍ਹਾਏ ਜਾਂਦੇ ਹਨ। ਸਕੂਲ ਜਾਂ ਜੂਨੀਅਰ ਸਕੂਲ ਪੱਧਰ 'ਤੇ ਭਿੰਨ ਸਮਾਜ ਵਿਗਿਆਨ ਦੇ ਵਿਸ਼ੇ ਪਾੜ੍ਹਿਆਂ ਨੂੰ ਇਕਹਿਰੇ ਅਤੇ ਸੰਯੁਕਤ ਦਿਸ਼ਾਤਮਕ ਖੇਤਰ ਵਿਸ਼ੇ ਤਹਿਤ ਪੜ੍ਹਾਏ ਜਾਂਦੇ ਹਨ, ਭਾਵ ਸਮਾਜਕ ਅਧਿਐਨ (ਜਾਂ ਸਮਾਜ ਵਿਗਿਆਨ) ਹੁਣ ਅਸੀਂ ਸਮਾਜ ਵਿਗਿਆਨ ਦੇ ਵਿਗਸਾਓ ਅਤੇ ਸੰਕਲਪ ਦੀ ਚਰਚਾ ਕਰਾਂਗੇ।

### 1.2.1 ਸਮਾਜ ਵਿਗਿਆਨ ਦਾ ਵਿਗਸਾਓ

ਜਦਕਿ ਸਮਾਜਕ ਵਿਗਿਆਨ ਦਾ 18ਵੀਂ ਸਦੀ ਵਿੱਚ ਅਧਿਐਨ ਦੇ ਰਸਮੀ ਖੇਤਰ ਦੇ ਤੌਰ 'ਤੇ ਵਿਗਸਾਓ ਹੋਇਆ ਅਤੇ ਯੂਨੀਵਰਸਿਟੀ/ਉੱਚ ਸਿੱਖਿਆ ਪਾਠਕ੍ਰਮ ਦਾ ਭਾਗ ਬਣ ਗਿਆ। ਜਿਹੜਾ ਕਿ ਭਿੰਨ ਸਮਾਜ ਵਿਗਿਆਨਾਂ ਤੋਂ ਆਪਣਾ ਮਜ਼ਮੂਨ ਗ੍ਰਹਿਣ ਕਰਦਾ ਹੈ, ਉਹ ਹੈ 'ਸਮਾਜਕ ਅਧਿਐਨ', ਜਿਹੜਾ ਕਿ 20ਵੀਂ ਸਦੀ 'ਚ ਵਿਕਸਤ ਹੋਇਆ ਤਾਂ ਜੋ ਇਸ ਨੂੰ ਸਕੂਲੀ ਜਾਂ ਜੂਨੀਅਰ ਸਕੂਲ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾ ਸਕੇ।

ਸਮਾਜ ਵਿਗਿਆਨਾਂ ਦੇ ਵਿਗਸਾਓ ਅਤੇ ਵਾਧਾ ਆਧੁਨਿਕੀਕਰਣ, ਸਨਅਤੀਕਰਣ, ਨਵ ਚੇਤਨਾ, ਸ਼ਹਿਰੀਕਰਣ, ਵਿਗਿਆਨ ਦੇ ਵਾਧੇ ਅਤੇ ਕਈ ਹੋਰ ਸੰਬੰਧਤ ਵਿਕਾਸਾਂ ਦੇ ਗੌਣ ਉੱਪਜ ਹਨ। ਮਨੁੱਖੀ ਜੀਵਨ ਅਤੇ ਰਹਿਣ-ਸਹਿਣ ਵਿੱਚ ਕਈ ਤਬਦੀਲੀਆਂ ਆਈਆਂ ਸਨ, ਜਿਹੜੀਆਂ ਕਿ ਮੁਸ਼ਕਲ ਨਾਲ ਹੀ ਅਠਾਰਵੀਂ ਸਦੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਨਜ਼ਰ ਆਈਆਂ। ਅਠਾਰਵੀਂ ਸਦੀ ਤੋਂ ਸੰਪੂਰਣ ਦੁਨੀਆ ਨੇ ਤੀਬਰ ਮੋੜ ਲਿਆ। **ਇਟਲੀ ਅਤੇ ਹੋਰਨਾਂ ਯੂਰਪੀ ਦੇਸ਼ਾਂ ਵਿੱਚ ਨਵ ਚੇਤਨਾ, ਫਰਾਂਸ ਦੀ ਕਰਾਂਤੀ 1789, 1767 ਤੋਂ ਆਰੰਭ ਸਨਅਤੀ ਕਰਾਂਤੀ, 1776 ਦੀ ਅਮਰੀਕਾ ਦੀ ਸੁਤੰਤਰਤਾ ਜੰਗ, ਪੂੰਜੀਵਾਦ ਦੇ ਨਵੇਂ ਸਰੂਪਾਂ ਦਾ ਵਿਕਾਸ, ਪ੍ਰਾਕਿਰਤਕ ਵਿਗਿਆਨ ਵਿੱਚ ਤੀਬਰ ਵਿਕਾਸ ਆਦਿ ਨੇ ਦੁਨੀਆ ਵਿੱਚ ਮਨੁੱਖੀ ਸਮਾਜ ਲਈ ਦੋਵੇਂ ਖੁਸ਼ਹਾਲੀ ਅਤੇ ਔਕੜਾਂ ਲਿਆਂਦੀਆਂ।** ਮਿਸਾਲ ਦੇ ਤੌਰ 'ਤੇ

ਨੋਟ

ਸਾਕਾਰਾਤਮਕ ਪਾਸੇ ਵਣਜਕ ਵਿਕਾਸ, ਆਵਾਜਾਈ ਦਾ ਵਿਕਾਸ ਅਤੇ ਸੰਚਾਰਣ ਦਾ ਵਿਕਾਸ, ਸੁਖ-ਸਾਧਨ ਦਾ ਵਾਧਾ, ਸਿੱਖਿਆ ਅਤੇ ਸਿਹਤ ਸਥਿਤੀਆਂ ਦਾ ਸੁਧਾਰ ਆਰਥਕ ਸਥਿਤੀਆਂ ਦਾ ਸੁਧਾਰ ਆਦਿ; ਅਤੇ ਨਾਕਾਰਾਤਮਕ ਪਾਸੇ ਸਮਾਜਕ ਜੀਵਨ ਵਿੱਚ ਜਟਿਲਤਾ ਦਾ ਵਿਕਾਸ, ਰਾਜਨੀਤਕ ਘੜਮਸ, ਸਮਾਜਕ ਬੇਤਰਤੀਬੀ ਅਤੇ ਅਸ਼ਾਂਤੀ, ਬੁੱਧੀਜੀਵੀ ਸੰਕਟ, ਲੋਕਾਂ ਵਿੱਚ ਅਸੁਖਾਵੇਂ ਮੁਕਾਬਲੇ ਦਾ ਵਿਕਾਸ। ਇਨ੍ਹਾਂ ਸਾਰੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਸਮਾਜ ਵਿਗਿਆਨ ਦੀ ਉਤਪੱਤੀ ਹੋਈ ਅਤੇ ਇਹ ਸਿੱਖਿਆ/ਸਿਖਲਾਈ ਪ੍ਰਣਾਲੀ ਦਾ ਭਾਗ ਬਣ ਗਿਆ।

ਸਮਾਜ ਵਿਗਿਆਨ ਆਧੁਨਿਕ ਸਮਾਜ ਦੇ ਚਰਿੱਤਰ ਅਤੇ ਭਵਿੱਖ ਨੂੰ ਸਮਝਣ ਦੀ ਕੋਸ਼ਿਸ਼ ਨਾਲ 18ਵੀਂ ਸਦੀ ਵਿੱਚ ਉਤਪੰਨ ਹੋਇਆ (ਰੌਸ, 1991, ਸਫਾ – 3) ਮੋਨਟੇਸਕੂ SPIRITS OF THE LAWS (1748), ਐਡਮ ਸਮਿੱਥ Wealth of Nations (1776), ਕੰਡੌਰਸੈਟ Outline of an Historical View of the Progress of the Human Kind (1795) ਅਤੇ ਜੇ ਜੀ ਅਰਡਰ ਦੀ Idea Towards a Philosophy of History (1784-91) ਸਮਾਜ ਵਿਗਿਆਨ ਦੇ ਮਿਸਾਲੀ ਮੂਲਕਥਨ ਹਨ। ਆਧੁਨਿਕ ਸਮਾਜ ਅਤੇ ਇਸ ਦੇ ਸਮਾਜਕ ਵਿਗਿਆਨੀਆਂ ਨੇ ਸਮਾਜ ਵਿਗਿਆਨ ਬਾਰੇ ਸੋਚਿਆ ਜਿਹੜਾ ਕਿ ਭਵਿੱਖ ਵਿੱਚ ਆਧੁਨਿਕ ਸਮਾਜ ਦੀ ਸੇਧ ਦੇਵੇਗਾ। ਵੱਧ ਰਹੇ ਸਨਅਤੀਕਰਣ, ਆਧੁਨਿਕੀਕਰਣ, ਵਿਗਿਆਨਕ ਵਿਕਾਸ ਆਦਿ ਕਾਰਣ ਕਈ ਨਵੀਆਂ ਸਮਾਜਕ ਸਮੱਸਿਆਵਾਂ ਉਗਮਣ ਹੋ ਰਹੀਆਂ ਹਨ ਅਤੇ ਸੰਪੂਰਣ ਸਮਾਜਕ ਤਾਣੇ-ਬਾਣੇ ਨੂੰ ਪ੍ਰਭਾਵਤ ਕਰ ਰਿਹਾ ਹੈ ਅਤੇ ਇਸ ਨੂੰ ਨਾਕਾਰਾ ਕਰ ਰਿਹਾ ਹੈ। ਜਦਕਿ ਸਨਅਤੀਕਰਣ ਅਤੇ ਆਧੁਨਿਕੀਕਰਣ ਦੀ ਤੇਜ਼ ਗਤੀ, ਸਮੇਤ ਬਿਮਾਰੀਆਂ, ਸਮਾਜਕ ਅਲਹਿਦਗੀ, ਕਾਮਿਆਂ ਦਾ ਸ਼ੋਸ਼ਣ ਆਦਿ ਬਹੁ-ਗਿਣਤੀ ਸਮਾਜਕ ਸਮੱਸਿਆਵਾਂ ਲਿਆਉਂਦੀ ਹੈ; ਆਧੁਨਿਕ ਵਿਗਿਆਨ ਜੀਵਾਣੂ ਜੰਗ, ਮਨੁੱਖਤਾ ਦੀ ਤਬਾਹੀ ਲਈ ਪ੍ਰਮਾਣੂ, ਕਈ ਸੰਕਟ ਭਰਪੂਰ ਰਸਾਇਣ ਅਤੇ ਨਿਊਕਲੀਅਰ ਪ੍ਰਤਿਕਿਰਿਆ ਆਦਿ ਉਤਪੰਨ ਕਰਦੀ ਹੈ। ਦੋ ਜੰਗਾਂ (ਭਾਵ; ਸੰਸਾਰ ਜੰਗ – I ਅਤੇ ਸੰਸਾਰ ਜੰਗ – II) ਜਿਹੜੀਆਂ 20ਵੀਂ ਸਦੀ ਵਿੱਚ ਹੋਈਆਂ ਮਨੁੱਖਤਾ ਲਈ ਨਾਵਰਨਣਯੋਗ ਬਿਪਤਾ ਲੈ ਕੇ ਆਈਆਂ। ਇਨ੍ਹਾਂ ਦੋ ਜੰਗਾਂ ਤੋਂ ਇਲਾਵਾ ਹੋਰ ਕਈ ਜੰਗਾਂ ਹੋਈਆਂ, ਜਿਹੜੀਆਂ ਕਿ ਸੰਸਾਰ ਦੇ ਕਈ ਭਾਗਾਂ 'ਚ ਪਾਈਆਂ ਗਈਆਂ/ਜਾਂਦੀਆਂ ਹਨ, ਜਿਹੜੀਆਂ ਕਿ ਮਨੁੱਖਤਾ ਲਈ ਸਹੀ ਮਾਅਨਿਆਂ ਵਿੱਚ ਮਾੜੀਆਂ ਹਨ। ਵਿਗਿਆਨ, ਸ਼ਹਿਰੀਕਰਣ, ਸਨਅਤੀਕਰਣ ਆਦਿ ਦੀ ਦੁਰਵਰਤੋਂ ਦਰਅਸਲ ਇਸ ਦੁਨੀਆ ਵਿੱਚ ਇੱਕ ਧਮਕੀ ਬਣ ਚੁੱਕੀ ਹੈ। 1930 ਤੋਂ 1940 ਤੱਕ ਗੰਭੀਰ ਆਰਥਕ ਮੰਦੀ ਨੇ ਅਸੁਰੱਖਿਆ, ਭੈਅ, ਸ਼ੰਕਾ ਅਤੇ ਬੇਚੈਨੀ ਦੀ ਭਾਵਨਾ ਲੋਕਾਂ ਵਿੱਚ ਪੈਦਾ ਕਰ ਦਿੱਤੀ। ਪਿਛਲੇ 100 ਸਾਲਾਂ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਤੇਜ਼ੀ ਨਾਲ ਵਾਧੇ ਨੇ ਕਈ ਸਮਾਜਕ ਸਮੱਸਿਆਵਾਂ ਉਤਪੰਨ ਕਰ ਦਿੱਤੀਆਂ ਹਾਲਾਂਕਿ ਇਸ ਦੇ ਕਈ ਸਾਕਾਰਾਤਮਕ ਪ੍ਰਭਾਵ ਹਨ। ਸਮਾਜਕ ਵਿਗਿਆਨ ਦਾ ਉਗਮਣ ਵਿਗਿਆਨ, ਸਨਅਤੀਕਰਣ ਅਤੇ ਆਧੁਨਿਕੀਕਰਣ ਦੇ ਮਾੜ੍ਹੇ ਪ੍ਰਭਾਵਾਂ 'ਤੇ ਰੋਕ ਤੇ ਬਚਾਓ ਲਈ ਜਿੱਥੇ ਇੱਕ ਹੱਥ ਹੋਇਆ, ਦੂਜੇ ਹੱਥ ਆਧੁਨਿਕ ਸਮਾਜ ਨੂੰ ਸੇਧ ਦੇਣ ਲਈ। ਅੱਜ ਦੇ ਸਮੇਂ ਵਿੱਚ ਦਰਸ਼ਨ ਸ਼ਾਸਤਰੀ, ਸਿਆਸਤਦਾਨ, ਵਿਗਿਆਨੀ, ਰਾਜਨੀਤੀਵੇਤਾ ਅਤੇ ਕਈ ਹੋਰ ਬੁੱਧੀਜੀਵੀਆਂ ਨੇ ਮਹਿਸੂਸ ਕੀਤਾ ਹੈ ਕਿ ਸਮਾਜ ਵਿਗਿਆਨ ਹੋਰਨਾਂ ਵਿਗਿਆਨਾਂ ਦੇ ਮੁਕਾਬਲੇ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ, ਸਮੇਤ ਭੌਤਿਕ ਵਿਗਿਆਨ ਜਾਂ ਜੀਵ ਵਿਗਿਆਨਕ ਵਿਗਿਆਨ ਦੇ। ਸਾਧਾਰਣ ਵਿਗਿਆਨ ਨੇ ਪ੍ਰਮਾਣਤ ਕੀਤਾ ਹੈ ਕਿ ਸਿਰਫ ਇੱਕ ਧਮਾਕੇ ਨਾਲ ਦੁਨੀਆ ਤੋਂ ਸਮੁੱਚੀ ਮਨੁੱਖਤਾ ਦੀ ਤਬਾਹੀ ਕਰਨ ਲਈ ਪ੍ਰਮਾਣੂ ਦੀਆਂ ਸ਼ਕਤੀਆਂ ਨੂੰ ਸੰਗਠਤ ਕਰਨ ਦੇ ਯੋਗ ਹੈ।



ਨੋਟ

ਅਜਿਹੀਆਂ ਸ਼ਕਤੀਆਂ ਤੋਂ ਮਨੁੱਖੀ ਸਮਾਜ ਦੀ ਤਬਾਹੀ ਨੂੰ ਰੋਕਣ ਲਈ ਸਮਾਜ ਵਿਗਿਆਨ ਦੇ ਅਧਿਐਨ ਦੀ ਲੋੜ ਹੈ।

ਕਿਉਂਕਿ ਆਧੁਨਿਕ ਸਮਾਜ ਲਈ ਵਿਗਿਆਨ ਦੀ ਬੇਹੱਦ ਪ੍ਰਾਸੰਗਿਕਤਾ ਹੈ, ਇਸ ਲਈ ਉਹ ਆਧੁਨਿਕ ਸਿੱਖਿਆ/ਪਾਠਕ੍ਰਮ ਪ੍ਰਣਾਲੀ ਦੇ ਇੱਕ ਅਹਿਮ ਸੰਘਟਕ/ਭਾਗ ਨੂੰ ਨਿਰਮਤ ਕਰਦੇ ਹਨ। ਸਮਾਜ ਵਿਗਿਆਨ 18ਵੀਂ ਸਦੀ ਤੋਂ ਲੈ ਕੇ ਪੂਰੀ ਦੁਨੀਆ ਵਿੱਚ ਯੂਨੀਵਰਸਿਟੀ/ਉੱਚ ਸਿੱਖਿਆ ਪ੍ਰਣਾਲੀ ਦਾ ਇੱਕ ਭਾਗ ਬਣ ਚੁੱਕਾ ਹੈ। ਵਿਅਕਤੀ ਦੀਆਂ ਤੰਦਰੁਸਤ ਸਮਾਜਕ ਅਤੇ ਜਮਹੂਰੀ ਨਾਗਰਿਕ ਕੁਆਲਟੀਆਂ ਦੇ ਵਿਕਾਸ ਲਈ ਸਮਾਜ ਵਿਗਿਆਨ ਦੀ ਅਹਿਮੀਅਤ ਨੂੰ ਸਮਝਦਿਆਂ ਇਨ੍ਹਾਂ ਨੂੰ ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ, ਖਾਸ ਕਰਕੇ ਵੀਹਵੀਂ ਸਦੀ ਤੋਂ ਜਾਂ ਤਾਂ ਸਮਾਜਕ ਅਧਿਐਨ ਜਾਂ ਫੇਰ ਸਮਾਜ ਵਿਗਿਆਨ ਦੇ ਨਾਂਅ 'ਤੇ ਸਕੂਲੀ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਗਿਆ ਹੈ। ਇਕਾਈ ਦੇ ਆਉਣ ਵਾਲੇ ਖੰਡਾਂ ਵਿੱਚ ਤੁਸੀਂ ਵਿਸਤਾਰ ਵਿੱਚ ਪੜ੍ਹੋਗੇ ਸਮਾਜ ਵਿਗਿਆਨ ਕਿਵੇਂ ਸਕੂਲੀ ਅਤੇ ਉੱਚ ਸਿੱਖਿਆ ਪਾਠਕ੍ਰਮ ਦੇ ਸੰਘਟਕਾਂ ਦੀ ਰਚਨਾ ਕਰਦੇ ਹਨ।

## 1.2.2 ਸਮਾਜ ਵਿਗਿਆਨ ਦਾ ਸੰਕਲਪਨ ਅਤੇ ਇਸ ਦਾ ਸਮਾਜਕ ਅਧਿਐਨ ਦਾ ਸੰਕਲਪਨ ਨਾਲ ਸੰਬੰਧ

ਸੰਕਲਪਨ ਤੌਰ 'ਤੇ ਸਮਾਜ ਵਿਗਿਆਨ ਅਤੇ ਸਮਾਜ ਅਧਿਐਨ ਇੱਕ-ਦੂਜੇ ਨਾਲ ਸੰਬੰਧਤ ਹਨ ਅਤੇ ਨਾਲ ਹੀ ਕਈ ਪਹਿਲੂਆਂ ਵਿੱਚ ਇੱਕ ਦੂਜੇ ਨਾਲੋਂ ਭਿੰਨ ਹਨ। ਆਓ ਅਸੀਂ ਉਨ੍ਹਾਂ ਵਿੱਚ ਪਾਏ ਜਾਂਦੇ ਸੰਕਲਪਕ ਸੰਬੰਧਾਂ ਅਤੇ ਅੰਤਰਾਂ ਨੂੰ ਪ੍ਰੀਖਣ ਕਰੀਏ।

### ਸਮਾਜ ਵਿਗਿਆਨ ਦਾ ਸੰਕਲਪ

ਸਮਾਜ ਵਿਗਿਆਨ ਗਿਆਨ ਦਾ ਜੁੱਸਾ ਹਨ, ਜਿਹੜੇ ਕਿ ਵਿਸ਼ਾਲ ਸਮਾਜਕ-ਸੱਭਿਆਚਾਰਕ ਪ੍ਰਣਾਲੀ ਦੇ ਦ੍ਰਿਸ਼ਟੀਕੋਣ ਵਿੱਚ ਮਨੁੱਖੀ ਮਾਮਲਿਆਂ ਨਾਲ ਸੰਬੰਧਤ ਹਨ। ਸਮਾਜ ਵਿਗਿਆਨ ਹਾਈ ਸਕੂਲ/ਉੱਚ ਸਿੱਖਿਆ ਪਾਠਕ੍ਰਮ ਦੇ ਇੱਕ ਅਹਿਮ ਸੰਘਟਕ ਦੀ ਰਚਨਾ ਕਰਦਾ ਹੈ। ਭਿੰਨ ਸਮਾਜ ਵਿਗਿਆਨ ਵਿਸ਼ੇ ਜਿਵੇਂ ਇਤਿਹਾਸ, ਰਾਜਨੀਤੀ ਵਿਗਿਆਨ, ਮਾਨਵ ਵਿਗਿਆਨ, ਦਰਸ਼ਨ ਸ਼ਾਸਤਰ, ਅਰਥ ਸ਼ਾਸਤਰ ਆਦਿ ਦਾ ਹਾਈ ਸਕੂਲ/ਯੂਨੀਵਰਸਿਟੀ ਸਿੱਖਿਆ ਵਿੱਚ ਸੁਤੰਤਰ ਰੁਤਬਾ ਰੱਖਦੇ ਹਨ। ਚਾਰਲਸ ਬੀਅਰਡ ਅਤੇ ਜੇਮਜ਼ ਹਾਈ ਦੀਆਂ ਨਿਮਨ ਪਰਿਭਾਸ਼ਾਵਾਂ ਸਮਾਜ ਵਿਗਿਆਨ ਦੇ ਸੰਕਲਪਾਂ ਵਿੱਚ ਉਹੀ ਸਪਸ਼ਟਤਾ ਨੂੰ ਜੋੜ ਸਕਦੀਆਂ ਹਨ।

**ਚਾਰਲਸ ਬੀਅਰਡ :** ਸਮਾਜ ਵਿਗਿਆਨ ਗਿਆਨ ਅਤੇ ਚਿੰਤਨ ਦੇ ਸਮੂਹ ਹਨ, ਜਿਹੜੇ ਕਿ ਮਨੁੱਖੀ ਮਾਮਲਿਆਂ ਨਾਲ ਪ੍ਰਾਸੰਗਿਕ ਹਨ ਜਦਕਿ ਛੜੀਆਂ, ਪੱਥਰ, ਤਾਰਿਆਂ ਅਤੇ ਭੌਤਿਕ ਪਦਾਰਥਾਂ ਨਾਲੋਂ ਭਿੰਨ ਹੈ। (S.K. KOCHHAR, The Teaching of Social Studies, 1984 - ਪਹਿਲਾ ਸੰਸਕਰਣ)

**ਜੇਮਜ਼ ਹਾਈ :** ਸਮਾਜ ਵਿਗਿਆਨ ਸਿਖਲਾਈ ਅਤੇ ਅਧਿਐਨ ਦੇ ਉਹ ਸਮੂਹ ਹਨ, ਜਿਹੜੇ ਕਿ ਭੌਤਿਕ ਅਤੇ ਗੈਰ ਭੌਤਿਕ ਉਤੇਜਨਾ ਦੀ ਨਾਲੋ-ਨਾਲ ਅਤੇ ਪਰਸਪਰ ਕਿਰਿਆ ਨੂੰ ਸਵੀਕ੍ਰਿਤ ਕਰਦੇ

ਹਨ, ਜਿਹੜੇ ਕਿ ਸਮਾਜਕ ਪ੍ਰਤਿਕਿਰਿਆ ਉਤਪੰਨ ਕਰਦੇ ਹਨ (Dr. Y.K. Singh, Teaching of Social Studies, 2008)।

ਨਿਮਨ ਬਿੰਦੂ ਸਮਾਜ ਵਿਗਿਆਨ ਦੀ ਪ੍ਰਕਿਰਤੀ ਨੂੰ ਚਿਤਰਤ ਕਰ ਸਕਦੇ ਹਨ।

1.) ਮਨੁੱਖੀ ਗਤੀਵਿਧੀ 'ਤੇ ਸਿੱਧਾ ਪ੍ਰਭਾਵ : ਸਮਾਜ ਵਿਗਿਆਨ ਗਿਆਨ ਦੇ ਉਹ ਪਹਿਲੂ ਹਨ, ਜਿਹੜੇ ਕਿ ਭਿੰਨ ਸਮਾਜਕ-ਸੱਭਿਆਚਾਰਕ ਖੇਤਰਾਂ ਵਿੱਚ ਮਨੁੱਖੀ ਗਤੀਵਿਧੀਆਂ ਉੱਪਰ ਸਿੱਧਾ ਪ੍ਰਭਾਵ ਰੱਖਦੇ ਹਨ।

2.) ਮਨੁੱਖੀ ਸਮਾਜ ਦਾ ਸਿੱਧਾ ਅਧਿਐਨ : ਸਮਾਜ ਵਿਗਿਆਨ ਮਨੁੱਖੀ ਸਮਾਜ ਦੇ ਆਗਊਂ ਪੱਧਰ ਦੇ ਅਧਿਐਨ ਹਨ ਤੇ ਉਨ੍ਹਾਂ ਨੂੰ ਆਮਤੌਰ 'ਤੇ ਉੱਚ ਸਿੱਖਿਆ ਪੱਧਰ ਤੇ ਸਿਖਾਇਆ ਜਾਂਦਾ ਹੈ।

3.) ਮਨੁੱਖੀ ਸੰਬੰਧਾਂ ਬਾਰੇ ਸਚਾਈ ਦਾ ਪਤਾ ਲਾਉਣਾ : ਸਮਾਜ ਵਿਗਿਆਨ ਮਨੁੱਖੀ ਸੰਬੰਧਾਂ ਬਾਰੇ ਭਾਲ ਕਰਦੇ ਹਨ ਜਿਹੜੇ ਕਿ ਆਖਰਕਾਰ ਸਮਾਜਕ ਉਪਯੋਗਿਤਾ ਤੇ ਗਿਆਨ ਦੀ ਰਵਾਨਗੀ ਵਿੱਚ ਯੋਗਦਾਨ ਪਾਉਂਦੇ ਹਨ।

## ਸਮਾਜਕ ਅਧਿਐਨ ਦੇ ਸੰਕਲਪ

ਸਮਾਜਕ ਅਧਿਐਨ ਦਾ ਸੰਕਲਪ ਹਾਲ ਹੀ ਦੀ ਉਤਪੱਤੀ ਹੈ। ਸਮਾਜਕ ਅਧਿਐਨ ਸਕੂਲੀ ਪਾਠਕ੍ਰਮ ਦੇ ਤੌਰ ਵਿਚਾਰਨ ਦੇ ਮੰਤਵ ਨਾਲ ਉਤਪੰਨ ਅਤੇ ਵਿਕਸਤ ਹੋਇਆ। ਸਮਾਜਕ ਅਧਿਐਨ ਦੀ ਵਿਸ਼ਾਲ ਵਰਤੋਂ ਅਮਰੀਕਾ ਵਿੱਚ 1916 ਵਿੱਚ ਸ਼ੁਰੂ ਹੋਈ। ਭਾਰਤ ਵਿੱਚ ਇਸ ਦੀ ਵਰਤੋਂ 1937 ਵਿੱਚ ਗਾਂਧੀ ਜੀ ਦੀ ਬੁਨਿਆਦੀ ਸਿੱਖਿਆ ਦੇ ਸੂਤਰੀਕਰਣ ਤੋਂ ਵੇਖਿਆ ਜਾ ਸਕਦਾ ਹੈ।

ਸਮਾਜਕ ਅਧਿਐਨ ਇੱਕ ਇੱਕਲਾ ਅਤੇ ਸੰਯੁਕਤ ਦਿਸ਼ਾਤਮਕ ਖੇਤਰ ਹੈ ਜਿਹੜਾ ਕਿ ਆਪਣੇ ਮਜ਼ਮੂਨ ਕਈ ਸਮਾਜ ਵਿਗਿਆਨਾਂ ਤੋਂ ਗ੍ਰਹਿਣ ਕਰਦਾ ਹੈ ਜਿਵੇਂ ਇਤਿਹਾਸ, ਭੂਗੋਲ, ਰਾਜਨੀਤੀ ਵਿਗਿਆਨ ਆਦਿ। ਸਮਾਜਕ ਅਧਿਐਨ, ਸਮਾਜ ਵਿਗਿਆਨ ਦੇ ਵਿਸ਼ਿਆਂ ਨੂੰ ਗੈਰ-ਸੰਬੰਧਤ ਢੰਗ ਨਾਲ ਨਹੀਂ ਜੋੜਦਾ ਸਗੋਂ ਅਰਥ ਭਰਪੂਰ ਢੰਗ ਨਾਲ ਪਾੜ੍ਹਿਆਂ ਨੂੰ ਸਮਾਜ/ਵਾਤਾਵਰਣ ਨਾਲ ਔਰਤ/ਮਰਦ ਦੇ ਸੰਬੰਧਾਂ ਨੂੰ ਸਮਝਣ ਵਿੱਚ ਮਦਦ ਦੇ ਮੰਤਵ ਨਾਲ ਸੰਯੋਜਤ ਕਰਦਾ ਹੈ, ਜਿਸ ਵਿੱਚ ਉਹ ਰਹਿੰਦੇ ਹਨ। ਤੰਦਰੁਸਤ ਸਮਾਜਕ ਰਹਿਣੀ-ਸਹਿਣੀ ਨਾਲ ਸੰਬੰਧਤ ਸਮਰੱਥਾ ਵਿਕਸਤ ਕਰਨਾ ਸਮਾਜਕ ਅਧਿਐਨ ਸਿਖਲਾਈ ਦਾ ਮੁੱਖ ਮੰਤਵ ਹੈ। ਸਮਾਜਕ ਅਧਿਐਨ ਸਮਾਜ ਦੇ ਪ੍ਰਯੋਗੀ ਪਹਿਲੂਆਂ ਨਾਲ ਸੰਬੰਧਤ ਹੈ। ਆਓ ਅਸੀਂ ਸਮਾਜਕ ਅਧਿਐਨ ਉੱਪਰ ਜੇਮਜ਼ ਹਾਈ ਅਤੇ ਜੌਹਨ ਵੀ ਮਾਈਕਲ ਦੀਆਂ ਪਰਿਭਾਸ਼ਾਵਾਂ ਦਾ ਅਧਿਐਨ ਕਰੀਏ।

**ਜੇਮਜ਼ ਹਾਈ :** ਬੇਹੱਦ ਸਰਲਤਾ ਨਾਲ ਵਰਨਣ, ਸਮਾਜਕ ਅਧਿਐਨ, ਸਮਾਜ ਵਿਗਿਆਨ ਦੀਆਂ ਬੁੱਧੀਜੀਵੀ ਢੰਗ ਨਾਲ ਲੱਭਤਾਂ ਦਾ ਸਕੂਲੀ ਆਈਨਾ ਹੈ। ਅਜਿਹਾ ਅੰਕੜਾ ਜਿਵੇਂ ਕਿ ਸਮਾਜ ਵਿਗਿਆਨੀ ਇਕੱਤਰ ਕਰ ਸਕਦਾ ਹੈ, ਸਾਰੇ ਗਰੇਡਾਂ ਵਿੱਚ ਬੱਚਿਆਂ ਲਈ ਅਭੀਵਿਅਕਤੀ ਦੇ ਉਚਿਤ ਪੱਧਰਾਂ ਲਈ ਸੰਯੁਕਤ ਅਤੇ ਸਰਲੀਕ੍ਰਿਤ ਹਨ। (S.K. KOCHHAR, The Teaching of Social Studies, 1984, ਪਹਿਲਾ ਸੰਸਕਰਣ)



ਨੋਟ

**ਜੌਹਨ ਮਿਸ਼ੇਲਾ :** ਸਮਾਜਕ ਅਧਿਐਨ ਮਨੁੱਖ ਅਤੇ ਉਸਦੀਆਂ ਸਮਾਜਕ ਅਤੇ ਭੌਤਿਕ ਵਾਤਾਵਰਣ ਨਾਲ ਪਰਸਪਰ ਕਿਰਿਆਵਾਂ ਨਾਲ ਸੰਬੰਧਤ ਹੈ। ਉਹ ਮਨੁੱਖੀ ਸੰਬੰਧਾਂ ਨਾਲ ਵਰਤਾਰਾ ਕਰਦੇ ਹਨ। ਸਮਾਜਕ ਅਧਿਐਨ ਦੀ ਕੇਂਦਰੀ ਕਿਰਿਆ ਸਿੱਖਿਆ ਦੇ ਕੇਂਦਰੀ ਮੰਤਵ-ਲੋਕਤੰਤਰੀ ਨਾਗਰਿਕਤਾ ਦਾ ਵਿਕਾਸ ਦੇ ਨਾਲ ਇਕ ਸਮਾਨ ਹੈ। (S.K. KOCHHAR, The Teaching of Social Studies, 1984 - ਪਹਿਲਾ ਸੰਸਕਰਣ)

ਨਿਮਨ ਬਿੰਦੂ ਸਮਾਜਕ ਅਧਿਐਨ ਦੀ ਪ੍ਰਕਿਰਤੀ ਨੂੰ ਚਿਤਰਤ ਕਰ ਸਕਦੇ ਹਨ :

1) ਸਮਾਜਕ ਅਧਿਐਨ ਸਮਾਜਕ-ਸੱਭਿਆਚਾਰਕ ਵਾਤਾਵਰਣ ਦੇ ਸੰਬੰਧ ਵਿੱਚ ਮਨੁੱਖੀ ਅਧਿਐਨ ਨਾਲ ਸੰਬੰਧਤ ਹੈ।

2) ਸਮਾਜਕ ਅਧਿਐਨ ਪਾੜ੍ਹਿਆਂ ਵਿਚਾਲੇ ਤੰਦਰੁਸਤ ਸਮਾਜਕ/ਜਮਹੂਰੀ ਰਹਿਣ-ਸਹਿਣ ਨੂੰ ਪ੍ਰੋਤਸਾਹਨ ਦੇਣ ਲਈ ਸਕੂਲ ਪੱਧਰ 'ਤੇ ਪੜ੍ਹਾਉਣ ਲਈ ਇੱਕ ਦਿਸ਼ਾਤਮਕ ਖੇਤਰ ਦੇ ਤੌਰ 'ਤੇ ਸਮਾਜ ਵਿਗਿਆਨ ਤੋਂ ਵਿਕਸਤ ਹੋਇਆ ਹੈ।

3) ਸਮਾਜਕ ਅਧਿਐਨ ਵਰਤਮਾਨ, ਭੂਤਕਾਲ ਅਤੇ ਭਵਿੱਖ ਵਿਚਾਲੇ ਸੰਬੰਧ ਸਥਾਪਤ ਕਰਦਾ ਹੈ।

4) ਸਮਾਜਕ ਅਧਿਐਨ ਵਿਅਕਤੀ ਦੇ ਬੀਤੇ ਇਤਿਹਾਸ ਨਾਲੋਂ ਸਮਕਾਲੀ ਮਨੁੱਖੀ ਜੀਵਨ ਉੱਪਰ ਵਧੇਰੇ ਦਬਾਅ ਪਾਉਂਦਾ ਹੈ।

5) ਸਮਾਜਕ ਅਧਿਐਨ ਵਿਦਿਆਰਥੀਆਂ ਨੂੰ ਆਪਣੇ ਸਮਾਜਕ ਸੱਭਿਆਚਾਰਕ ਵਾਤਾਵਰਣ ਨਾਲ ਅਨੁਕੂਲ ਕਰਨ ਦੇ ਯੋਗ 'ਤੇ ਕੇਂਦਰਤ ਹੁੰਦਾ ਹੈ, ਜਿਸ ਵਿੱਚ ਪਰਿਵਾਰ, ਸਮੁਦਾਇ, ਰਾਸ਼ਟਰ ਅਤੇ ਵੱਡੇ ਪੱਧਰ 'ਤੇ ਸਮੁੱਚੀ ਮਨੁੱਖਤਾ ਸ਼ਾਮਲ ਹੈ।

6) ਸਮਾਜਕ ਅਧਿਐਨ ਹਕੀਕੀ ਕੋਰਸ ਹਨ ਜਾਂ ਫੇਰ ਸਮਾਜ ਦੇ ਪ੍ਰਯੋਗੀ ਪਹਿਲੂਆਂ ਨਾਲ ਵਰਤਾਰਾ ਕਰਦਾ ਹੈ।

7) ਸਮਾਜਕ ਅਧਿਐਨ ਹੁਣ ਵੱਧਣ-ਫੁੱਲਣ ਅਤੇ ਵਿਕਸਤ ਪੜਾਅ 'ਤੇ ਹੈ। ਇਹ ਆਪਣਾ ਕਾਰਜ ਖੇਤਰ ਮੋਕਲਾ ਅਤੇ ਵਿਸ਼ਾਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

8) ਸਮਾਜਕ ਅਧਿਐਨ ਨੂੰ ਹੁਣ ਤੰਦਰੁਸਤ ਸਮਾਜਕ ਤਾਣੇ-ਬਾਣੇ ਨਾਲ ਸੰਬੰਧਤ ਜ਼ਰੂਰੀ ਕਾਰਜ ਸ਼ਕਤੀ ਲਈ ਸਕੂਲੀ ਪੱਧਰ ਉੱਪਰ ਇੱਕ ਕੋਰ ਵਿਸ਼ੇ ਦੇ ਤੌਰ 'ਤੇ ਵਿਚਾਰਿਆ ਜਾਂਦਾ ਹੈ।

## ਸਮਾਜ ਵਿਗਿਆਨ ਅਤੇ ਸਮਾਜਕ ਅਧਿਐਨ ਵਿਚਾਲੇ ਕਿਰਿਆਤਮਕ ਬਰਾਬਰੀ ਅਤੇ ਅੰਤਰ

ਸਮਾਜ ਵਿਗਿਆਨ ਅਤੇ ਸਮਾਜਕ ਅਧਿਐਨ ਇੱਕੋ ਸਿੱਕੇ ਦੇ ਦੋ ਪਾਸੇ ਹਨ। ਉਹ ਕਈ ਢੰਗਾਂ ਨਾਲ ਇੱਕ ਦੂਜੇ ਨਾਲ ਸੰਬੰਧਤ ਅਤੇ ਭਿੰਨ ਹਨ। ਆਓ ਅਸੀਂ ਉਨ੍ਹਾਂ ਦੀਆਂ ਬਰਾਬਰੀਆਂ ਅਤੇ ਅੰਤਰ ਲੱਭੀਏ।

ਨੋਟ

**ਸਮਾਨਤਾਵਾਂ :**

1. ਦੋਵੇਂ ਸਮਾਜ ਵਿਗਿਆਨ ਅਤੇ ਸਮਾਜਕ ਅਧਿਐਨ ਇੱਕੋ ਪ੍ਰਜਾਤੀ/ਵਕਫੇ ਦੇ ਸਿੱਟੇ ਹਨ।

2. ਇਹ ਦੋਵੇਂ ਵਿਸ਼ਾ ਸਾਮੱਗਰੀ ਦੀ ਸਾਂਝੀ ਮਿੱਤ ਨੂੰ ਵੰਡਦੇ ਹਨ।

3. ਦੋਹਾਂ ਦੇ ਮਾਮਲੇ ਵਿੱਚ ਕੇਂਦਰੀ ਧਿਆਨ ਔਰਤ/ਮਰਦ ਦੇ ਔਰਤ/ਮਰਦ ਨਾਲ ਉਸਦਾ ਵਾਤਾਵਰਣ ਹੈ।

4. ਦੋਹਾਂ ਸਮਾਜ ਵਿਗਿਆਨ ਅਤੇ ਸਮਾਜਕ ਅਧਿਐਨ ਦੇ ਮਾਮਲੇ ਵਿੱਚ ਮਨੁੱਖੀ ਸੰਬੰਧਨ ਹੈ।

5. ਦੋਵੇਂ ਔਰਤ/ਮਰਦ ਉੱਪਰ ਧਿਆਨ ਕੇਂਦਰਤ ਕਰਦੇ ਹਨ ਜਿਹੜੇ ਕਿ ਆਪਣੀਆਂ ਲੋੜਾਂ ਦੀ ਪੂਰਤੀ, ਆਪਣੇ ਵਿਚਾਰਾਂ ਅਤੇ ਭਾਵਨਾਵਾਂ ਦੇ ਸੰਚਾਰਣ ਕਰਨ, ਜੀਵਨ ਦੀਆਂ ਲੋੜਾਂ ਦੇ ਉਤਪਾਦਨ ਅਤੇ ਖਪਤ ਕਰਨ ਲਈ ਅਤੇ ਮਨੁੱਖੀ ਅਤੇ ਪ੍ਰਾਕਿਰਤਕ ਸਰੋਤਾਂ ਨੂੰ ਬਚਾਉਣ ਵਿੱਚ ਰੁੱਝੇ ਹੁੰਦੇ ਹਨ।

ਚਿੱਤਰ 1.1 ਸਮਾਜਕ ਅਧਿਐਨ ਦੇ ਸਮਾਜ ਵਿਗਿਆਨ ਨਾਲ ਕਿਰਿਆਤਮਕ ਸੰਬੰਧਾਂ ਨੂੰ ਬਿਆਨ ਕਰਦਾ ਹੈ।




**ਚਿੱਤਰ 1.1 : ਸਮਾਜਕ ਅਧਿਐਨ ਦਾ ਸਮਾਜ ਵਿਗਿਆਨ ਨਾਲ ਕਿਰਿਆਤਮਕ ਸੰਬੰਧ**

**ਸਰੋਤ :** ਜੌਹਨ ਜਾਰੋਲੀਮੇਕ – 'ਬੁਨਿਆਦੀ ਸਿੱਖਿਆ 'ਚ ਸਮਾਜਕ ਅਧਿਐਨ' ਦਿ ਮੈਕਮਿਲਨ ਕੰਪਨੀ (1959), ਨਿਊਯਾਰਕ।

**ਅੰਤਰ :**

ਨੋਟ

| ਅੰਤਰ ਦੇ ਬਿੰਦੂ | ਸਮਾਜ ਵਿਗਿਆਨ | ਸਮਾਜਕ ਅਧਿਐਨ |
|---|---|---|
| ਨਿਕਾਸ | ਸਮਾਜ ਵਿਗਿਆਨ ਸਮਾਜਕ ਅਧਿਐਨ ਦੀ ਉਤਪੱਤੀ ਜਾਂ ਮੂਲ ਵਿਦਿਅਕ ਸ਼ਾਖਾ ਹੈ। | ਸਮਾਜਕ ਅਧਿਐਨ, ਸਮਾਜ ਵਿਗਿਆਨ ਦਾ ਸਿੱਟਾ ਜਾਂ ਉਤਪਾਦ ਹੈ। |
| ਕਾਰਜ ਦਾ ਖੇਤਰ | ਮਨੁੱਖੀ ਕਾਰਜਾਂ ਦੇ ਸਿਧਾਂਤਕ ਪਹਿਲੂਆਂ ਨਾਲ ਸੰਬੰਧਤ ਹੈ। | ਮਨੁੱਖੀ ਕਾਰਜਾਂ ਦੇ ਪ੍ਰਯੋਗੀ ਪਹਿਲੂਆਂ ਨਾਲ ਸੰਬੰਧਤ ਹੈ। |
| ਕਾਰਜ ਦਾ ਖੇਤਰ | ਸਮਾਜ ਵਿਗਿਆਨ ਸਮਾਜਕ ਉਪਯੋਗਿਤਾ ਨੂੰ ਭਾਲਦਾ ਹੈ। | ਸਮਾਜਕ ਅਧਿਐਨ ਦਿਸ਼ਾਤਮਕ ਉਪਯੋਗਿਤਾ ਨੂੰ ਭਾਲਦਾ ਹੈ। |
| ਪੰਹੁਚ | ਸਮਾਜ ਵਿਗਿਆਨ ਇੱਕ ਬਾਲਗ ਪਹੁੰਚ ਨੂੰ ਪੇਸ਼ ਕਰਦਾ ਹੈ। | ਸਮਾਜਕ ਅਧਿਐਨ ਇੱਕ ਬੱਚਾ ਪਹੁੰਚ ਨੂੰ ਪੇਸ਼ ਕਰਦਾ ਹੈ। |
| ਪਹੁੰਚ | ਸਮਾਜ ਵਿਗਿਆਨ ਨੂੰ ਆਦਰਸ਼ਕ ਪਹੁੰਚ ਨਾਲ ਅਧਿਐਨ ਕੀਤਾ ਜਾਂਦਾ ਹੈ। | ਸਮਾਜਕ ਅਧਿਐਨ ਨੂੰ ਪਰਿਣਾਮਵਾਦੀ ਪਹੁੰਚ ਨਾਲ ਅਧਿਐਨ ਕੀਤਾ ਜਾਂਦਾ ਹੈ। |
| ਟੀਚਾ | ਸਮਾਜ ਵਿਗਿਆਨ ਬੁੱਧੀਜੀਵੀ ਦਿਸਹੱਦੇ ਨੂੰ ਵਧਾਉਣ ਅਤੇ ਗਿਆਨ ਪ੍ਰਦਾਨ ਕਰਨ ’ਤੇ ਕੇਂਦਰਤ ਹੁੰਦਾ ਹੈ। | ਸਮਾਜਕ ਅਧਿਐਨ ਸਮਾਜ ਦੇ ਵਿਭਿੰਨ ਪ੍ਰਯੋਗੀ ਸਮੱਸਿਆਵਾਂ ਦੇ ਸਮਾਧਾਨ ਲਈ ਗਿਆਨ ਹਾਸਲ ਕਰਨ ’ਤੇ ਕੇਂਦਰਤ ਹੁੰਦਾ ਹੈ। |
| ਰਚਨਾ | ਸਮਾਜ ਵਿਗਿਆਨ ਵੱਡੀ ਗਿਣਤੀ ਵਿੱਚ ਵਿਸ਼ੇ ਜਿਵੇਂ ਕਿ ਇਤਿਹਾਸ, ਰਾਜਨੀਤੀ ਸ਼ਾਸਤਰ, ਸਮਾਜ ਸ਼ਾਸਤਰ, ਮਾਨਵ ਵਿਗਿਆਨ, ਅਰਥ ਸ਼ਾਸਤਰ ਆਦਿ ਨੂੰ ਸ਼ਾਮਲ ਕਰਦਾ ਹੈ। | ਸਮਾਜਕ ਅਧਿਐਨ ਆਪਣਾ ਵਿਸ਼ਾ ਵਸਤੂ ਵੱਡੀ ਗਿਣਤੀ ਦੇ ਸਮਾਜ ਵਿਗਿਆਨ ਤੋਂ ਹਾਸਲ ਕਰਦਾ ਹੈ ਅਤੇ ਉਨ੍ਹਾਂ ਨੂੰ ਤਿੰਨ ਜਾਂ ਚਾਰ ਵੱਡੇ ਸਿਰਲੇਖਾਂ ਹੇਠ ਵਰਗੀਕ੍ਰਿਤ ਕਰਦਾ ਹੈ (ਭਾਵ; ਇਤਿਹਾਸ, ਅਰਥ ਸ਼ਾਸਤਰ ਆਦਿ) ਜਿਸ ਨੂੰ ਸਕੂਲ ਜਾਂ ਜੂਨੀਅਰ ਸਕੂਲ ਪੱਧਰ ’ਤੇ ਪੜ੍ਹਾਇਆ ਜਾਣਾ ਹੈ। |
| ਰਚਨਾ ਦੀ ਪ੍ਰਕਿਰਤੀ | ਸਮਾਜਕ ਵਿਗਿਆਨ ਭਿੰਨ ਵਿਸ਼ਿਆਂ ਦਾ ਮਿਸ਼ਰਣ ਹੈ ਜਦਕਿ ਹਰੇਕ ਵਿਸ਼ੇ ਦੀ ਵੱਖਰੀ | ਸਮਾਜਕ ਅਧਿਐਨ ਮਿਸ਼ਰਣ ਦੀ ਬਜਾਇ ਜੋੜ ਮੇਲ ਹੈ ਜਿੱਥੇ ਕੁਝ |

| | | |
|---|---|---|
| | ਪਛਾਣ ਹੈ ਅਤੇ ਇੱਕ ਵਿਸ਼ੇ ਨੂੰ ਦੂਜੇ ਤੋਂ ਆਸਾਨੀ ਨਾਲ ਭਿੰਨ ਕੀਤਾ ਜਾ ਸਕਦਾ ਹੈ। | ਨਵਾਂ ਸੰਯੋਜਨ ਦੇ ਸਿੱਟੇ ਵਜੋਂ ਉਗਮਣ ਹੁੰਦਾ ਹੈ। ਸਪਸ਼ਟ ਰੂਪ ’ਚ ਸਮਾਜਕ ਅਧਿਐਨ ਦੇ ਭਾਗਾਂ ਨੂੰ ਵੱਖ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। |
| ਪਾਠਕ | ਸਮਾਜ ਵਿਗਿਆਨ ਦੇ ਪਾਠਕ ਗਿਣਤੀ ਵਿੱਚ ਬਹੁਤ ਘੱਟ ਹਨ। ਸਿਰਫ ਉਹੀ ਜਿਹੜੇ ਸਮਰੱਥ ਅਤੇ ਦਿਲਚਸਪੀ ਲੈਂਦੇ ਹਨ, ਉਹ ਸਮਾਜ ਵਿਗਿਆਨ ਦਾ ਅਧਿਐਨ ਕਰ ਸਕਦੇ ਹਨ। | ਕਿਉਂਕਿ ਨਾਗਰਿਕਤਾ ਤਿਆਰ ਕਰਨਾ ਸਮਾਜਕ ਅਧਿਐਨ ਦਾ ਮੁੱਖ ਟੀਚਾ ਹੈ ਇਸ ਲਈ ਹਰੇਕ ਵੱਲੋਂ ਅਧਿਐਨ ਕੀਤਾ ਜਾਂਦਾ ਹੈ। |
| ਅਧਿਐਨ ਦੇ ਪੜਾਅ | ਸਮਾਜ ਵਿਗਿਆਨ ਮਨੁੱਖੀ ਸਮਾਜ ਦਾ ਅਗਾਊਂ ਅਧਿਐਨ ਹੈ। ਉਨ੍ਹਾਂ ਨੂੰ ਬੁਨਿਆਦੀ ਤੌਰ ’ਤੇ ਹਾਈ ਸਕੂਲ/ਯੂਨੀ. ਪੱਧਰ ’ਤੇ ਪੜ੍ਹਾਇਆ ਜਾਂਦਾ ਹੈ। | ਸਮਾਜਕ ਅਧਿਐਨ ਸਮਾਜ ਵਿਗਿਆਨ ਦਾ ਸਰਲੀਕ੍ਰਿਤ ਪਹਿਲੂ ਹੈ ਜਿਸ ਨੂੰ ਬੁਨਿਆਦੀ ਤੌਰ ’ਤੇ ਸਕੂਲ ਜਾਂ ਜੂਨੀਅਰ ਸਕੂਲ ਪੱਧਰ ’ਤੇ ਪੜ੍ਹਾਇਆ ਜਾਂਦਾ ਹੈ। |
| ਕਾਰਜ ਖੇਤਰ | ਸਮਾਜ ਵਿਗਿਆਨ ਵਿਸ਼ੇ ਦੇ ਕਾਰਜ ਖੇਤਰ ਇਸ ਦੇ ਆਪਣੇ ਖੇਤਰ ਤੱਕ ਸੀਮਤ ਹੁੰਦਾ ਹੈ। ਮਿਸਾਲ ਦੇ ਤੌਰ ’ਤੇ ਅਰਥ ਸ਼ਾਸਤਰ ਅਜਿਹੀਆਂ ਗਤੀਵਿਧੀਆਂ ਨਾਲ ਸੰਬੰਧਤ ਹੈ ਜਿਹੜੀਆਂ ਅਰਥਕ ਖੇਤਰ ਨੂੰ ਛੋਹੰਦੀਆਂ ਹਨ। | ਸਮਾਜਕ ਅਧਿਐਨ ਇੱਕ ਜੋੜ ਮੇਲ ਸ਼ੈਲੀ ਵਿੱਚ ਮਨੁੱਖੀ ਸਮਾਜਕ ਜੀਵਨ ਦੇ ਸਾਰੇ ਪਹਿਲੂਆਂ ਨੂੰ ਛੋਹੰਦਾ ਹੈ। |
| ਕਾਰਜ ਖੇਤਰ | ਸਮਾਜਕ ਵਿਗਿਆਨ ਦਾ ਵਿਸ਼ਾਲ ਕਾਰਜ ਖੇਤਰ ਹੈ ਕਿਉਂਕਿ ਉਹ ਭਿੰਨ ਵਿਸ਼ੇ ਸ਼ਾਮਲ ਕਰਦਾ ਹੈ। | ਸਮਾਜਕ ਅਧਿਐਨ ਸਮਾਜ ਵਿਗਿਆਨ ਦਾ ਇੱਕ ਭਾਗ ਹੈ। ਇਸ ਲਈ ਇਹ ਸਮਾਜ ਵਿਗਿਆਨ ਨਾਲੋਂ ਤੰਗ ਹੈ। |
| ਜਟਿਲਤਾ | ਸਮਾਜ ਵਿਗਿਆਨ ਸਮਾਜਕ ਵਰਤਾਰੇ ਦਾ ਜਟਿਲ ਅਧਿਐਨ ਹੈ। | ਸਮਾਜਕ ਅਧਿਐਨ ਸਮਾਜਕ ਵਿਗਿਆਨ ਦਾ ਸਰਲੀਕ੍ਰਿਤ ਪਹਿਲੂ ਹੈ, ਜਿਹੜਾ ਕਿ ਸਕੂਲ ਜਾਂ ਜੂਨੀਅਰ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਣਾ ਹੈ। |

ਨੋਟ

### 1.2.3 ਉੱਪਰੀ ਪ੍ਰਾਇਮਰੀ ਸਕੂਲ ਪਾਠਕ੍ਰਮ ਵਿੱਚ ਸਮਾਜ ਵਿਗਿਆਨ

ਅੱਜਕਲ੍ਹ ਸਮਾਜ ਵਿਗਿਆਨ ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਸਕੂਲੀ ਪਾਠਕ੍ਰਮ ਦੇ ਹਿੱਸੇ ਵਜੋਂ ਪਾਏ ਜਾਂਦੇ ਹਨ। ਆਓ ਅਸੀਂ ਭਾਰਤ ਵਿੱਚ ਵਰਤਮਾਨ ਸਕੂਲੀ ਪਾਠਕ੍ਰਮ ਵਿੱਚ ਸਮਾਜ ਵਿਗਿਆਨਾਂ ਦੀ ਸਥਿਤੀ ਬਾਰੇ ਚਰਚਾ ਕਰੀਏ। ਭਾਰਤ ਵਿੱਚ ਨਿਮਨ ਪ੍ਰਾਇਮਰੀ ਸਕੂਲ ਪੱਧਰ (ਭਾਵ; ਜਮਾਤ I-V) ’ਤੇ ਪਾੜ੍ਹਿਆਂ ਨੂੰ ਵਾਤਾਵਰਣ ਅਧਿਐਨ ਜਾਂ ਵਾਤਾਵਰਣਕ ਵਿਗਿਆਨ ਪਾਠਕ੍ਰਮ ਦੇ ਹਿੱਸੇ ਵਜੋਂ ਸਮਾਜ ਵਿਗਿਆਨ ਪੜ੍ਹਾਇਆ ਜਾਂਦਾ ਹੈ ਅਤੇ ਸੈਕੰਡਰੀ ਸਕੂਲੀ ਪੱਧਰ ’ਤੇ (ਭਾਵ; ਜਮਾਤ IX ਅਤੇ X) ਪਾੜ੍ਹਿਆਂ ਨੂੰ ਸਮਾਜ ਵਿਗਿਆਨ ਨੂੰ ਪਾਠਕ੍ਰਮ ਦੇ ਕੋਰ ਸੰਯੁਕਤ (ਜੋੜ-ਮੇਲ) ਦਿਸ਼ਾਤਮਕ ਖੇਤਰ ਦੇ ਤੌਰ ’ਤੇ ਪੜ੍ਹਾਇਆ ਜਾਂਦਾ ਹੈ ਅਤੇ ਪਾਠਕ੍ਰਮ ਦਾ ਇਹ ਖੇਤਰ ਸਮਾਜਕ ਅਧਿਐਨ ਜਾਂ ਸਮਾਜ ਵਿਗਿਆਨ ਅਖਵਾਉਂਦਾ ਹੈ। ਉੱਪਰੀ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਪੱਧਰ ’ਤੇ ਮੁੱਖ ਤੌਰ ’ਤੇ ਤਿੰਨ ਤੋਂ ਚਾਰ ਦਿਸ਼ਾਤਮਕ ਵਿਸ਼ੇ/ਸੰਘਟਕ (ਭਾਵ; ਇਤਿਹਾਸ, ਭੂਗੋਲ ਆਦਿ) ਸਮਾਜ ਵਿਗਿਆਨ/ਸਮਾਜਕ ਅਧਿਐਨ ਪਾਠਕ੍ਰਮ ਤਿਆਰ ਕਰਦੇ ਹਨ।

ਸਕੂਲ ਪੱਧਰੀ ਸਮਾਜ ਵਿਗਿਆਨ ਦੇ ਦਿਸ਼ਾਤਮਕ ਵਿਸ਼ਿਆਂ ਸੰਘਟਕਾਂ ਬਾਰੇ ਵੇਰਵੇ ਤੁਸੀਂ ਇਸ ਇਕਾਈ ਦੇ ਮਗਰਲੇ ਭਾਗ (ਭਾਵ; ਖੰਡ 1.5.2) ਵਿੱਚ ਪਾਵੋਗੇ ਹਾਇਰ ਸੈਕੰਡਰੀ ਸਕੂਲੀ ਪੱਧਰ (ਭਾਵ; ਜਮਾਤ XI ਅਤੇ XII) ’ਤੇ ਭਿੰਨ ਸਮਾਜਕ ਵਿਗਿਆਨ ਵਿਸ਼ੇ ਜਿਵੇਂ ਰਾਜਨੀਤੀ ਸ਼ਾਸਤਰ, ਮਾਨਵ ਵਿਗਿਆਨ, ਅਰਥ ਸ਼ਾਸਤਰ, ਮਨੋਵਿਗਿਆਨ ਆਦਿ ਪਾੜ੍ਹਿਆਂ ਨੂੰ ਇੱਛਤ/ਵਿਸ਼ੇਸ਼ੀਕ੍ਰਿਤ ਵਿਸ਼ਿਆਂ ਦੇ ਤੌਰ ’ਤੇ ਪੜ੍ਹਾਏ ਜਾਂਦੇ ਹਨ।

ਉੱਪਰੀ ਪ੍ਰਾਇਮਰੀ ਅਤੇ/ਜਾਂ ਸੈਕੰਡਰੀ ਪੱਧਰ ’ਤੇ ਸ਼ਬਦ ‘ਸਮਾਜ ਵਿਗਿਆਨ’ ਅਤੇ ਸਮਾਜਕ ਅਧਿਐਨ ਬਹੁਤ ਹੱਦ ਤੱਕ ਅਦਲ-ਬਦਲ ਕੇ ਵਰਤੇ ਜਾਂਦੇ ਹਨ। ਮਿਸਾਲ ਦੇ ਤੌਰ ’ਤੇ ਐੱਨ ਸੀ ਐੱਫ (2005, ਸਫਾ-53) ਨੇ ਸ਼ਬਦ ‘ਸਮਾਜਕ ਅਧਿਐਨ’ ਨੂੰ ਉੱਪਰੀ ਪ੍ਰਾਇਮਰੀ ਪੜਾਅ ਦੇ ਪਾਠਕ੍ਰਮ ਦੇ ਸੰਦਰਭ ਵਿੱਚ ਵਰਤਿਆ ਜਦਕਿ POSITION PAPER - Nation Focus Group on Teaching Social Sciences (2006, ਸਫਾ-5) ਨੇ ਸ਼ਬਦ ‘ਸਮਾਜ ਵਿਗਿਆਨ’ ਨੂੰ ਉੱਪਰੀ ਪ੍ਰਾਇਮਰੀ ਪੜਾਅ ਦੇ ਪਾਠਕ੍ਰਮ ਦੇ ਸੰਦਰਭ ਵਿੱਚ ਵਰਤਿਆ ਹੈ। ਸੀ ਬੀ ਐੱਸ ਈ ਪਾਠਕ੍ਰਮ (ਐੱਨ ਸੀ ਈ ਆਰ ਟੀ ਵੱਲੋਂ ਪ੍ਰਦਰਸ਼ਤ) ਦੇ ਉੱਪਰੀ ਪ੍ਰਾਇਮਰੀ ਪੱਧਰ ’ਤੇ ‘ਇਤਿਹਾਸ’, ‘ਭੂਗੋਲ’ ਅਤੇ ‘ਸਮਾਜਕ ਅਤੇ ਰਾਜਨੀਤਕ ਜੀਵਨ’ ਦੀਆਂ ਪਾਠ ਪੁਸਤਕਾਂ ਵਿੱਚ ਸ਼ਬਦ ‘ਸਮਾਜ ਵਿਗਿਆਨ’ ਦੀ ਵਰਤੋਂ ਕੀਤੀ ਗਈ ਹੈ। ਜਿਹੜਾ ਵੀ ਸ਼ਬਦ (ਭਾਵ; ਸਮਾਜਕ ਅਧਿਐਨ ਜਾਂ ਸਮਾਜ ਵਿਗਿਆਨ) ਦੀ ਵਰਤੋਂ ਕੀਤੀ ਗਈ ਹੈ, ‘ਸਮਾਜ ਵਿਗਿਆਨ’ (ਜਾਂ ਸਮਾਜਕ ਅਧਿਐਨ) ਦਾ ਅਧਿਐਨ ਅਤੇ ਸਿਖਲਾਈ ਦਾ ਫੋਕਸ ਸਿੱਖਿਆ ਦੇ ਪੱਧਰਾਂ ਦੇ ਨਾਲ ਬਦਲਦਾ ਹੈ, ਜਿਸ ਦੀ ਕਿ ਚਰਚਾ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਸਕੂਲ ਪੱਧਰ ’ਤੇ ਸਮਾਜਕ ਅਧਿਐਨ/ਸਮਾਜ ਵਿਗਿਆਨ ਉਨ੍ਹਾਂ ਮੁੱਦਿਆਂ ਉੱਪਰ ਧਿਆਨ ਕੇਂਦਰਤ ਕਰਦਾ ਹੈ ਜਿਹੜੀਆਂ ਕਿ ਕਿਰਿਆਤਮਕ ਤੌਰ ’ਤੇ ਹਾਇਰ (ਉੱਚ) ਵਿਦਿਆ ਪ੍ਰਣਾਲੀ ’ਤੇ ਸਮਾਜ ਵਿਗਿਆਨ ਦੇ ਸਿਖਲਾਈ ਦੇ ਮੁੱਦਿਆਂ ਤੋਂ ਭਿੰਨ ਹੁੰਦੇ ਹਨ। ਉੱਪਰੀ ਪ੍ਰਾਇਮਰੀ/ਸ਼ੁਰੂਆਤੀ ਸਕੂਲੀ ਪੱਧਰ ’ਤੇ ਸਮਾਜ ਵਿਗਿਆਨ ਦੀ ਸਿਖਲਾਈ ਦੇ ਸਾਧਾਰਣ ਟੀਚੇ ਨਿਮਨ ਹਨ :

1) ਵਿਦਿਆਰਥੀਆਂ ਨੂੰ ਭੂਗੋਲਕ, ਸਮਾਜਕ ਅਤੇ ਸੱਭਿਆਚਾਰਕ ਵਾਤਾਵਰਣ ਨਾਲ ਪਰਿਚਿਤ ਕਰਵਾਉਣਾ।

ਨੋਟ

2) ਵਿਦਿਆਰਥੀਆਂ ਵਿੱਚ ਸਮਾਜਕ ਕਾਰਜ ਸ਼ਕਤੀ ਅਤੇ ਸਮਾਜਕ ਪ੍ਰਤਿਬਧਤਾ ਦੀ ਸੂਝ ਨੂੰ ਵਿਕਸਤ ਕਰਨਾ।

3) ਵਿਦਿਆਰਥੀਆਂ ਵਿੱਚ ਜਮਹੂਰੀ ਨਾਗਰਿਕ ਗੁਣਵੱਤਾ ਵਿਕਸਤ ਕਰਨੀ।

4) ਦੇਸ਼ ਭਗਤੀ ਦੀ ਭਾਵਨਾ ਰਾਸ਼ਟਰੀ ਭਾਵਨਾ ਅਤੇ ਵਿਦਿਆਰਥੀਆਂ ਵਿੱਚ ਅੰਤਰ ਰਾਸ਼ਟਰੀ ਸਮਝ ਨੂੰ ਵਿਕਸਤ ਕਰਨਾ।

5) ਵਿਦਿਆਰਥੀਆਂ ਨੂੰ ਸਮਾਜਕ-ਆਰਥਕ ਸੰਸਥਾਨਾਂ ਵਿੱਚ ਭਾਗ ਲੈਣ ਵਿੱਚ ਮਦਦ ਕਰਨੀ।

6) ਵਿਦਿਆਰਥੀਆਂ ਨੂੰ ਵਰਤਮਾਨ ਅਤੇ ਆਉਣ ਵਾਲੇ ਸਮਾਜਕ ਮੁੱਦਿਆਂ ਅਤੇ ਚੁਣੌਤੀਆਂ ਦੇ ਸਮਾਧਾਨ ਲਈ ਵਿਦਿਆਰਥੀਆਂ ਨੂੰ ਸਿੱਖਿਅਤ ਕਰਨਾ।

7) ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ, ਭਾਵਨਾਤਮਕ ਕੁਆਲਟੀਆਂ ਵਿਕਸਤ ਕਰਨਾ।

## ਉੱਪਰੀ ਪ੍ਰਾਇਮਰੀ ਪੜਾਅ ਉੱਪਰ ਸਮਾਜ ਵਿਗਿਆਨ ਦੇ ਅਧਿਆਪਨ ’ਤੇ ਸਮਾਜ ਵਿਗਿਆਨ ਦੇ ਅਧਿਆਪਨ ਉੱਪਰ ਰਾਸ਼ਟਰੀ ਫੋਕਸ ਸਮੂਹ (2006) ਦੀ ਟਿੱਪਣੀ :

ਉੱਪਰੀ ਪ੍ਰਾਇਮਰੀ ਪੜਾਅ ਉੱਪਰ ਸਮਾਜ ਵਿਗਿਆਨ ਅਧਿਆਪਨ ਦੇ ਮੰਤਵ ਹਨ –

- ਮਨੁੱਖ ਦੇ ਸਹਿਜਵਾਸ ਅਤੇ ਜ਼ਿੰਦਗੀ ਦੇ ਹੋਰਨਾਂ ਸਰੂਪਾਂ ਦੇ ਤੌਰ ’ਤੇ ਧਰਤੀ ਬਾਰੇ ਸਮਝ ਨੂੰ ਵਿਕਸਤ ਕਰਨਾ।
- ਪਾੜ੍ਹੇ ਨੂੰ ਆਪਣੇ ਖਿੱਤੇ, ਸੂਬੇ ਅਤੇ ਦੇਸ਼ ਬਾਰੇ ਵਿਸ਼ਵਵਿਆਪੀ ਸੰਦਰਭ ’ਚ ਅਧਿਐਨ ਵਾਸਤੇ ਸ਼ੁਰੂਆਤ ਕਰਵਾਉਣੀ।
- ਭਾਰਤ ਦੇ ਭੂਤਕਾਲ ਬਾਰੇ, ਵਿਸ਼ਵ ਦੇ ਹੋਰਨਾਂ ਹਿੱਸਿਆਂ ਵਿੱਚ ਸਮਕਾਲੀ ਵਿਕਾਸ ਦੇ ਹਵਾਲੇ ਨਾਲ ਪਾੜ੍ਹੇ ਨੂੰ ਸ਼ੁਰੂਆਤ ਕਰਵਾਉਣੀ।
- ਪਾੜ੍ਹੇ ਨੂੰ ਦੇਸ਼ ਦੀ ਪ੍ਰਕਿਰਿਆ, ਸਮਾਜਕ ਅਤੇ ਰਾਜਨੀਤਕ ਸੰਸਥਾਵਾਂ ਦੀ ਕਿਰਿਆਸ਼ੀਲਤਾ ਅਤੇ ਗਤੀਸ਼ੀਲਤਾ ਨਾਲ ਪਰਿਚਿਤ ਕਰਵਾਉਣਾ।

**ਇਸ ਪੜਾਅ ਉੱਪਰ ਸਮਾਜ ਵਿਗਿਆਨ ਦੇ ਵਿਸ਼ਾ ਖੇਤਰ – ਜਿਹੜੇ ਆਪਣੇ ਅੰਸ਼ ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ ਅਤੇ ਅਰਥ ਸ਼ਾਸਤਰ ਤੋਂ ਗ੍ਰਹਿਣ ਕਰਦੇ ਹਨ – ਪਰਿਚਿਤ ਕੀਤੇ ਜਾਣਗੇ। ਬੱਚੇ ਨੂੰ ਇੱਕੋ ਸਮੇਂ ਸਮਕਾਲੀ ਮੁੱਦਿਆਂ ਅਤੇ ਸਮੱਸਿਆਵਾਂ ਨਾਲ ਪਰਿਚਿਤ ਕੀਤਾ ਜਾ ਸਕਦਾ ਹੈ।** ਗਰੀਬੀ, ਅਨਪੜ੍ਹਤਾ, ਬੱਚਾ ਅਤੇ ਬੰਧੂਆ ਮਜਦੂਰ ਜਮਾਤ, ਜਾਤੀ, ਲਿੰਗ ਅਤੇ ਵਾਤਾਵਰਣ ਜਿਹੇ ਮੁੱਦਿਆਂ ਉੱਪਰ ਜ਼ੋਰ ਪਾਉਣ ਦੀ ਲੋੜ ਹੈ। ਭੂਗੋਲ ਅਤੇ ਅਰਥ ਸ਼ਾਸਤਰ ਸਥਾਨਕ ਤੋਂ ਵਿਆਪਕ ਪੱਧਰ ’ਤੇ ਭਿੰਨ-ਪੱਧਰਾਂ ਉੱਪਰ ਵਾਤਾਵਰਨ, ਸਰੋਤ ਅਤੇ ਵਿਕਾਸ ਦੇ ਨਾਲ ਸੰਬੰਧਤ ਮੁੱਦਿਆਂ ਉੱਪਰ ਸਹੀ ਪਰਿਪੇਖ ਵਿਕਸਤ ਕਰਨ ਵਿੱਚ ਇੱਕਠਿਆਂ ਮਦਦ ਕਰ ਸਕਦੇ ਹਨ। ਇਸੇ ਤਰ੍ਹਾਂ ਇਤਿਹਾਸ ਨੂੰ ਅਨੇਕਤਾ ਦੇ ਸੰਕਲਪਾਂ ’ਤੇ ਜ਼ੋਰ ਪਾਉਂਦਿਆਂ ਪੜ੍ਹਾਇਆ ਜਾਵੇਗਾ। ਬੱਚੇ ਨੂੰ ਸਥਾਨਕ, ਸੂਬਾ ਅਤੇ ਕੇਂਦਰੀ ਪੱਧਰ ਉੱਪਰ ਸਰਕਾਰਾਂ ਦੀ ਰਚਨਾ ਅਤੇ ਕਿਰਿਆਸ਼ੀਲਤਾ ਨਾਲ ਪਰਿਚਿਤ ਕੀਤਾ ਜਾਵੇਗਾ, ਨਾਲ ਹੀ ਭਾਗੀਦਾਰੀ ਦੀ ਜਮਹੂਰੀ ਪ੍ਰਕਿਰਿਆ ਨਾਲ।

## ਆਪਣੀ ਪ੍ਰਗਤੀ ਦੀ ਪਰਖ ਕਰੋ – 1

**ਨੋਟ :** ਹੇਠਾਂ ਦਿੱਤੇ ਸਥਾਨ ਵਿੱਚ ਆਪਣਾ ਉੱਤਰ ਲਿੱਖੋ ਅਤੇ ਆਪਣਾ ਉੱਤਰ ਇਕਾਈ ਦੇ ਅੰਤ ਵਿੱਚ ਦਿੱਤੇ ਗਏ ਨਮੂਨਾ ਉੱਤਰਾਂ ਨਾਲ ਮਿਲਾਣ ਕਰੋ।

ਪ੍ਰਸ਼ਨ : ਸਮਾਜ ਵਿਗਿਆਨ ਅਧਿਆਪਨ ਉੱਪਰ ਰਾਸ਼ਟਰੀ ਫੋਕਸ ਸਮੂਹ (2006) ਮੁਤਾਬਕ ਉੱਪਰੀ ਪ੍ਰਾਇਮਰੀ ਪੜਾਅ ’ਤੇ ਸਮਾਜ ਵਿਗਿਆਨ ਅਧਿਆਪਨ ਦੇ ਮੰਤਵ ਕੀ ਹਨ?

## 1.3 ਸਮਾਜ ਵਿਗਿਆਨ : ਦੌਰ ਦੇ ਨਾਲ

ਦਰਅਸਲ ਸਮਾਜ ਵਿਗਿਆਨ ਦਾ ਅਧਿਐਨ ਹੁਣ ਨਵਾਂ ਨਹੀਂ ਹੈ। ਸਮਾਜ ਵਿਗਿਆਨ ਦੀ ਸਿਖਲਾਈ ਕਿਸੇ ਨਾ ਕਿਸੇ ਤਰ੍ਹਾਂ ਇਸ ਦੁਨੀਆ ਵਿੱਚ ਸੱਭਿਅਤਾ ਦੀ ਰਚਨਾ ਦੇ ਪਹਿਲੇ ਦਿਨ ਤੋਂ ਵਿਦਿਅਕ ਪ੍ਰਣਾਲੀ ਦਾ ਭਾਗ ਬਣ ਚੁੱਕੀ ਹੈ। ਆਓ ਅਸੀਂ ਵੇਖੀਏ ਕਿਵੇਂ ਸਮਾਜ ਵਿਗਿਆਨ ਨੇ ਦੌਰ ਦੇ ਨਾਲ-ਨਾਲ ਆਪਣੀ ਪ੍ਰਗਤੀ ਦਾ ਮਾਰਗ ਪਾਰ ਕੀਤਾ।

### 1.3.1 ਪੂਰਵ ਆਧੁਨਿਕ ਦੁਨੀਆ ਵਿੱਚ ਸਮਾਜ ਵਿਗਿਆਨ

ਜਦਕਿ ਆਧੁਨਿਕ ਦੁਨੀਆ ਦੀ ਸ਼ੁਰੂਆਤ 18ਵੀਂ/19ਵੀਂ ਸਦੀ ਵਿੱਚ ਹੋਈ, ਪੂਰਵ ਆਧੁਨਿਕ ਦੌਰ ਨੇ ਸਮੇਂ ਦਾ ਇੱਕ ਲੰਮਾ ਪੈਂਡਾ ਪਾਰ ਕੀਤਾ, ਜਿਹੜਾ ਕਿ ਦੁਨੀਆ ਵਿੱਚ ਮਨੁੱਖੀ ਸਮਾਜ ਦੀ ਰਚਨਾ ਤੋਂ ਲੈ ਕੇ ਸੱਤਵੀਂ/ਅੱਠਵੀਂ ਸਦੀ ਤੱਕ ਰਿਹਾ। ਪੂਰਵ ਆਧੁਨਿਕ ਦੁਨੀਆ ਮਨੁੱਖੀ ਸੱਭਿਅਤਾ ਦੇ ਕਈ ਦੌਰ ਅਨੁਭਵ ਕੀਤੇ ਜਿਹੜੇ ਕਿ ਸ਼ਿਕਾਰ, ਇੱਕਤਰਣ ਦੌਰ, ਚਰਵਾਹਾ ਟੱਪਰੀਵਾਸ ਦੌਰ, ਪੱਥਰ ਦੌਰ, ਲੋਹ ਯੁੱਗ, ਨਦੀ ਘਾਟੀ ਸੱਭਿਅਤਾਵਾਂ ਅਤੇ ਮਧਯੁੱਗ ਤੋਂ 18ਵੀਂ/19ਵੀਂ ਸਦੀ ਸਨ। ਉਨ੍ਹਾਂ ਦਿਨਾਂ ਤੋਂ ਜਦੋਂ ਤੋਂ ਮਨੁੱਖ ਨੇ ਧਰਤੀ ’ਤੇ ਪੈਰ ਧਰਿਆ ਅਤੇ ਆਪਣਾ ਪਰਿਵਾਰ/ਸਮਾਜ ਸਥਾਪਤ ਕੀਤਾ, ਸਮਾਜ/ਸਮਾਜਕ ਤਾਣਾ-ਬਾਣਾ ਉਨ੍ਹਾਂ ਲਈ ਜ਼ਰੂਰੀ ਬਣ ਗਿਆ। ਇਸ ਲਈ ਸਮਾਜ ਵਿਗਿਆਨ ਦੀ ਸਿਖਲਾਈ ਅਨਿਵਾਰੀ ਸੀ। ਉਨ੍ਹਾਂ ਦਿਨਾਂ ’ਚ ਸਮਾਜ ਵਿਗਿਆਨ ਦਾ ਅਧਿਐਨ ਗੈਰ-ਰਸਮੀ ਅਤੇ ਗੈਰ ਸੰਗਠਤ ਸੀ। ਜਿਵੇਂ ਦਿਨ-ਬ-ਦਿਨ ਮਨੁੱਖੀ ਸਮਾਜ ਜਟਿਲ ਬਣਦਾ ਗਿਆ ਤੇ ਸਮਾਜਕ ਮੰਗਾਂ ਅਤੇ ਚੁਣੌਤੀਆਂ ਵੱਧਦੀਆਂ ਗਈਆਂ, ਉਸ ਮੁਤਾਬਕ ਸਮਾਜ ਵਿਗਿਆਨ ਦਾ ਅਧਿਐਨ ਲਾਜ਼ਮੀ ਹੋ ਗਿਆ।

ਪ੍ਰਾਚੀਨ ਅਤੇ ਮੱਧਕਾਲੀ ਦੁਨੀਆ ਵਿੱਚ ਆਧੁਨਿਕ ਦੁਨੀਆ ਦੀ ਤੁਲਨਾ ਵਿੱਚ ਸਮਾਜ ਵਿਗਿਆਨ ਦਾ ਮਹਿਜ (ਸ਼ਾਇਦ) ਹੀ ਕੋਈ ਹਵਾਲਾ ਸੀ। ਸੁਕਰਾਤ, ਪਲੂਟੋ ਤੇ ਅਰਸਤੂ ਅਤੇ ਪ੍ਰਾਚੀਨ ਕਾਲ ਦੇ ਕਈ ਹੋਰ ਬੁੱਧੀਜੀਵੀਆਂ ਨੇ ਸਮਾਜ ਵਿਗਿਆਨ ਵਿੱਚ ਕਾਫੀ ਯੋਗਦਾਨ ਪਾਇਆ। ਪਲੂਟੋ ਦਾ ਗਣਤੰਤਰ (Republic) ਅਤੇ ਅਰਸਤੂ ਦਾ ਰਾਜਨੀਤੀ (Politics) ਸਮਾਜ ਵਿਗਿਆਨ ਦੇ ਖੇਤਰ ਵਿੱਚ ਹਮੇਸ਼ਾ ਯਾਦ ਰੱਖਣ ਵਾਲੀਆਂ ਕਿਰਤਾਂ ਹਨ। ਸਮਾਜ ਵਿਗਿਆਨ ਦਾ ਵਿਚਾਰ/ਸਿਖਲਾਈ ਯੂਨਾਨੀਆਂ ਦੀ



ਨੋਟ

ਨਾਗਰਿਕ ਪ੍ਰਤਿਗਿਆ ਵਿੱਚ ਨਿਰਪੂਣ ਕੀਤਾ ਗਿਆ ਜਦੋਂ ਉਨ੍ਹਾਂ ਨੂੰ ਪ੍ਰੌੜਤਾ ਦੀ ਪ੍ਰਾਪਤੀ ’ਤੇ ਨਾਗਰਿਕਤਾ ’ਚ ਪ੍ਰਵੇਸ਼ ਕਰਵਾਇਆ ਗਿਆ, ਉਨ੍ਹਾਂ ਨੂੰ ਇੱਕ ਰਸਮੀ ਸਮਾਗਮ ਵਿੱਚ ਪ੍ਰਤਿਗਿਆ ਕਰਨੀ ਪਈ : "ਅਸੀਂ ਆਪਣੇ ਸ਼ਹਿਰ ਨੂੰ ਬੇਈਮਾਨੀ ਦੀ ਕਿਸੇ ਕਿਰਿਆ ਜਾਂ ਬੁਜ਼ਦਿਲੀ ਨਾਲ ਨਿਰਾਦਰ ਨਹੀਂ ਹੋਣ ਦਿਆਂਗੇ ਨਾ ਹੀ ਆਪਣੇ ਪੀੜਤ ਸਾਥੀਆਂ ਨੂੰ ਛੱਡਾਂਗੇ। ਅਸੀਂ ਆਦਰਸ਼ਾਂ ਅਤੇ ਸ਼ਹਿਰ ਦੀਆਂ ਪਵਿੱਤਰ ਵਸਤਾਂ ਲਈ ਇੱਕਲਿਆਂ ਅਤੇ ਕਈਆਂ ਨੂੰ ਨਾਲ ਲੈ ਕੇ ਲੜਾਂਗੇ : ਅਸੀਂ ਸ਼ਹਿਰ ਦੇ ਕਾਨੂੰਨ ਦਾ ਸਤਿਕਾਰ ਅਤੇ ਪਾਲਣਾ ਕਰਾਂਗੇ ਅਤੇ ਉਨ੍ਹਾਂ ਵਿੱਚ ਸਮਾਨ ਸਨਮਾਨ ਪ੍ਰੇਰਤ ਕਰਨ ਦਾ ਜਤਨ ਕਰਾਂਗੇ ਜਿਹੜੇ ਇਨ੍ਹਾਂ ਨੂੰ ਮਿਟਾਉਣ ਲਈ ਪ੍ਰਵਿਰਤ ਅਤੇ ਹੇਚ ਸਮਝਦੇ ਹਨ; ਅਸੀਂ ਨਾਗਰਿਕ ਚਿੰਤਨ ਦੀ ਜਨਤਕ ਸਮਝ ਨੂੰ ਤੀਬਰ ਕਰਨ ਲਈ ਨਿਰੰਤਰ ਟਿਲ ਲਾਵਾਂਗੇ। ਇਸ ਤਰ੍ਹਾਂ ਇਨ੍ਹਾਂ ਸਾਰੇ ਢੰਗਾਂ ਨਾਲ ਅਸੀਂ ਸ਼ਹਿਰ ਨੂੰ ਸੰਚਾਰ ਕਰਾਂਗੇ, ਘੱਟ ਨਹੀਂ, ਸਗੋਂ ਉਸ ਨਾਲੋਂ ਵੱਧ, ਬਿਹਤਰ ਅਤੇ ਵਧੇਰੇ ਸੁੰਦਰ ਜਿੰਨ੍ਹਾਂ ਇਹ ਸਾਨੂੰ ਸੰਚਾਰਤ ਕੀਤਾ ਗਿਆ ਸੀ।" ਮੱਧਕਾਲੀ ਅਤੇ ਸ਼ੁਰੂਆਤੀ ਆਧੁਨਿਕ ਦੁਨੀਆ ਵਿੱਚ ਵੱਡੀ ਗਿਣਤੀ ਵਿੱਚ ਵਿਸ਼ੇ, ਜਿਨ੍ਹਾਂ ਵਿੱਚ ਸਮਾਜਕ ਕਦਰਾਂ ਕੀਮਤਾਂ ਹਾਸਲ ਕਰਨ ਲਈ ਵਿਆਪਕ ਨਿਹਿਤ ਭਾਵ ਸਨ ਜਿਵੇਂ ਕਿ ਧਾਰਮਿਕ ਅਧਿਐਨ, ਅਰਥ ਸ਼ਾਸਤਰੀ ਅਤੇ ਵਿਵਸਾਇ ਅਧਿਐਨ, ਰਾਜ ਸੰਬੰਧੀ ਮਾਮਲਿਆਂ ਦਾ ਅਧਿਐਨ, ਵਿਦਿਅਕ ਪ੍ਰਣਾਲੀ ਦਾ ਭਾਗ ਬਣ ਗਿਆ।

## 1.3.2 ਆਧੁਨਿਕ ਅਤੇ ਸਮਕਾਲੀ ਦੁਨੀਆ ਵਿੱਚ ਸਮਾਜ ਵਿਗਿਆਨ

ਇਸ ਇਕਾਈ ਦੇ ਪੂਰਵਲੇ ਖੰਡਾਂ ਵਿੱਚ ਆਧੁਨਿਕ ਯੁੱਗ ਵਿੱਚ ਰਸਮੀ ਵਿਦਿਆ ਸ਼ਾਖਾ ਦੇ ਤੌਰ ’ਤੇ ਸਮਾਜ ਵਿਗਿਆਨ ਦੇ ਵਿਗਸਾਓ ਨਾਲ ਸੰਬੰਧਤ ਚਰਚਾਵਾਂ ਕੀਤੀਆਂ ਗਈਆਂ। ਇਹ ਸਮਾਜ ਦਾ ਸਮਾਂ ਅਤੇ ਪ੍ਰਕਿਰਤੀ ਹੈ ਜਿਸ ਨੇ ਕਿ ਸਮਾਜ ਵਿਗਿਆਨ ਦੀ ਸਿਖਲਾਈ ਨੂੰ ਰਸਮੀ ਅਤੇ ਪ੍ਰਣਾਲੀਬੱਧ ਬਣਾ ਦਿੱਤਾ। ਆਧੁਨਿਕ ਯੁੱਗ ਵਿੱਚ ਜਿਵੇਂ ਕਿ ਸਮਾਜਕ ਸਮੱਸਿਆਵਾਂ ਨਿਤ ਵੱਧ ਰਹੀਆਂ ਹਨ, ਉਸ ਮੁਤਾਬਕ ਨਵੇਂ ਸਮਾਜ ਵਿਗਿਆਨ ਅਜਿਹੀਆਂ ਸਮੱਸਿਆਵਾਂ ਦੇ ਸਮਾਧਾਨ/ਸਾਹਮਣਾ ਕਰਨ ਲਈ ਵਿਕਸਤ ਹੋ ਰਹੇ ਹਨ। ਇਸ ਇਕਾਈ ਦੇ ਪੂਰਵਲੇ ਖੰਡ ਵਿੱਚ ਇਹ ਦੱਸਿਆ ਜਾ ਚੁੱਕਾ ਹੈ ਕਿ ਸਮਾਜ ਵਿਗਿਆਨ 18ਵੀਂ ਸਦੀ ਤੋਂ ਉੱਚ ਸਿੱਖਿਆ/ਯੂਨੀਵਰਸਿਟੀ ਪਾਠਕ੍ਰਮ ਦਾ ਇੱਕ ਰਸਮੀ ਅੰਗ ਬਣ ਚੁੱਕਾ ਹੈ ਅਤੇ 20ਵੀਂ ਸਦੀ ਤੋਂ ਸਕੂਲੀ ਪਾਠਕ੍ਰਮ ਦਾ ਰਸਮੀ ਅੰਗ ਬਣ ਚੁੱਕਾ ਹੈ। ਵਿਸ਼ੇਸ਼ਕਰ ਦੋ ਸੰਸਾਰ ਜੰਗਾਂ ਤੋਂ ਬਾਅਦ ਸਮਾਜ ਨੇ ਦੁਨੀਆ ਦੇ ਬਹੁਤੇ ਭਾਗਾਂ ਵਿੱਚ ਸਕੂਲੀ ਪਾਠਕ੍ਰਮ ਵਿੱਚ ਉੱਚ ਅਹਿਮੀਅਤ ਹਾਸਲ ਕਰ ਲਈ ਹੈ। ਸੰਸਾਰ ਜੰਗ ਤੋਂ ਬਾਅਦ ਵਿਦਿਆ ਨਾਲ ਸੰਬੰਧਤ ਬਹੁਤੀਆਂ ਸੰਸਥਾਵਾਂ ਜਿਵੇਂ ਯੂਨੈਸਕੋ, ਯੂਨੀਸੈਫ, ਯੂ ਐੱਨ ਡੀ ਪੀ, ਯੂ ਐਨ ਓ ਆਦਿ ਦੁਨੀਆ ਦੇ ਲੋਕਾਂ ਵਿੱਚ ਤੰਦਰੁਸਤ ਸਮਾਜਕ ਤਾਣਾ-ਬਾਣਾ ਚਾਹੁੰਦੀਆਂ ਹਨ ਜਿਹੜੀ ਕਿ ਆਖਰਕਾਰ ਸਮਾਜ ਵਿਗਿਆਨ ਦੀ ਸਿਖਲਾਈ ਉੱਪਰ ਜ਼ੋਰ ਪਾਉਂਦੀ ਹੈ। ‘ਮਨੁੱਖੀ ਅਧਿਕਾਰਾਂ ਦੇ ਸਰਵ ਸਾਂਝੇ ਐਲਾਨਨਾਮੇ (1948) ਦੇ ਆਰਟੀ - I, ਜਿਸ ਨੂੰ ਸੰਯੁਕਤ ਰਾਸ਼ਟਰ ਨੇ ਅਪਣਾਇਆ, ਬਿਆਨ ਕਰਦਾ ਹੈ, ਸਾਰੇ ਮਨੁੱਖ ਜਨਮ ਤੋਂ ਸੁਤੰਤਰ ਅਤੇ ਮਾਣ-ਸਨਮਾਨ ਤੇ ਅਧਿਕਾਰਾਂ ਵਿੱਚ ਬਰਾਬਰ ਹਨ। ਉਹ ਤਰਕ ਅਤੇ ਜ਼ਮੀਰ ਨਾਲ ਵਰੋਸਾਏ ਹਨ ਅਤੇ ਇੱਕ ਦੂਜੇ ਨਾਲ ਭਾਈਚਾਰੇ ਦੀ ਭਾਵਨਾ ਨਾਲ ਕਿਰਿਆ ਕਰਨੀ ਚਾਹੀਦੀ ਹੈ।’ ਡਿਲੋਰਸ ਕਮਿਸ਼ਨ (1996) ਇੱਕਠਿਆਂ ਰਹਿਣ ਦੀ ਸਿਖਲਾਈ ਉੱਪਰ ਜ਼ੋਰ ਪਾਉਂਦਾ ਹੈ। ਪਿਆਰ ਨਾਲ ਇੱਕਠਿਆਂ ਅਤੇ ਆਧੁਨਿਕ ਯੁੱਗ ਦੀਆਂ ਵਿਪਰੀਤ ਸਮਾਜਕ-ਸੱਭਿਆਚਾਰਕ ਸਮੱਸਿਆਵਾਂ ਦਾ ਸਮਾਧਾਨ ਕਰਨ ਨੂੰ ਪ੍ਰੋਤਸਾਹਨ ਦੇਣ ਲਈ, ਸਮਾਜ ਵਿਗਿਆਨ ਆਧੁਨਿਕ ਦੁਨੀਆ ਦੀ ਰਸਮੀ ਅਤੇ ਗੈਰ ਰਸਮੀ ਸਿੱਖਿਆ

ਦਾ ਇੱਕ ਅਹਿਮ ਭਾਗ ਬਣ ਚੁੱਕਾ ਹੈ। ਇਸ ਤੋਂ ਵੱਧ ਕੇ ਰਾਸ਼ਟਰਾਂ ਦੀ ਸੰਰਚਨਾ ਅਤੇ ਅਜਿਹੇ ਰਾਸ਼ਟਰ ਰਾਜਾਂ ਵਿੱਚ ਸੰਚਾਲਣ ਦੇ ਜਮਹੂਰੀ ਅਤੇ ਸਮਾਜਵਾਦੀ ਨਮੂਨੇ ਦਾ ਅਮਲ (ਸਮਕਾਲੀ ਦੁਨੀਆ ਦੇ ਬਹੁਤੇ ਭਾਗਾਂ ਵਿੱਚ) ਨੇ ਸਮਾਜ ਵਿਗਿਆਨ ਦੇ ਅਧਿਐਨ ਨੂੰ ਦੋਵੇਂ ਸਕੂਲ ਅਤੇ ਯੂਨੀਵਰਸਿਟੀ ਪੱਧਰ 'ਤੇ ਅਨਿਵਾਰੀ ਕਰ ਦਿੱਤਾ ਹੈ। ਕਿਉਂਕਿ ਸਮਾਜ ਵਿਗਿਆਨ ਰਾਸ਼ਟਰ ਰਾਜਾਂ ਵਿੱਚ ਜਮਹੂਰੀ ਅਤੇ ਸਮਾਜਵਾਦੀ ਸੰਚਾਲਕ ਦੇ ਅਮਲ ਲਈ ਪ੍ਰਭਾਵੀ ਨਾਗਰਿਕ ਤਿਆਰ ਕਰਨ ਦੀ ਜ਼ਿੰਮੇਵਾਰੀ ਲੈਂਦਾ ਹੈ।

### 1.3.3 ਸਮਾਜ ਵਿਗਿਆਨ ਦੇ ਭਾਰਤੀ ਪਰਿਪੇਖ : ਦੌਰ ਦੇ ਨਾਲ

ਦੌਰ ਦੇ ਨਾਲ ਸਮਾਜ ਵਿਗਿਆਨ ਭਾਰਤੀ ਵਿਦਿਅਕ ਪ੍ਰਣਾਲੀ ਦਾ ਭਾਗ ਬਣ ਚੁੱਕਾ ਹੈ। ਨੈਤਿਕਤਾ, ਅਧਿਆਤਮਕਤਾ, ਸਮਾਜਕ ਕਦਰਾਂ-ਕੀਮਤਾਂ ਅਤੇ ਰੁਚੀ ਲੰਮੇ ਸਮੇਂ ਤੋਂ ਜੀਵਨ ਅਤੇ ਜੀਵਨ ਸ਼ੈਲੀ ਦੀ ਭਾਰਤੀ ਸੇਧਾਤਮਕ ਫਲਸਫਾ ਰਿਹਾ ਹੈ। ਵੇਦ, ਉਪਨਿਸ਼ਦ, ਸਮਰਿਤੀਆਂ, ਕੁਰਾਣ, ਰਮਾਇਣ, ਮਹਾਂਭਾਰਤ ਆਦਿ ਪੂਰਵ-ਇਤਿਹਾਸਕ/ਪੂਰਵ ਇਤਿਹਾਸਕ ਭਾਰਤੀ ਸ਼ਿਲਾਲੇਖ (ਗ੍ਰੰਥ) ਹਨ, ਜਿਹੜੇ ਸਮਾਜਕ ਕਦਰਾਂ-ਕੀਮਤਾਂ ਅਤੇ ਤੰਦਰੁਸਤ ਜੀਵਨ ਸ਼ੈਲੀ ਦੇ ਸਿਧਾਂਤ ਸੰਮਿਲਤ ਕਰਦੇ ਹਨ। ਕੋਟਿਲਿਆ ਦਾ 'ਅਰਥ ਸ਼ਾਸਤਰ', ਵਿਸ਼ਨੂੰ ਸ਼ਰਮਾ ਦਾ ਪੰਚ ਤੰਤਰ ਆਦਿ ਕੁਝ ਪ੍ਰਾਚੀਨ ਭਾਰਤੀ ਸੰਰਚਨਾਵਾਂ ਜਾਂ ਮੂਲ ਅਧਿਐਨ ਹਨ ਜਿਹੜੇ ਕਿ ਸਮਾਜ ਵਿਗਿਆਨ ਦੇ ਮਤ ਅਤੇ ਸਿਧਾਂਤਾਂ ਨਾਲ ਵਰਤਾਰਾ ਕਰਦੇ ਹਨ। ਸ਼ੁਰੂਆਤੀ ਮੱਧਯੁੱਗ ਅਤੇ ਮੱਧਯੁੱਗ ਸਾਹਿਤ ਪਰੰਪਰਾ ਜਿਵੇਂ ਬੁੱਧ ਮੂਲ ਕਥਨ, ਜੈਨ ਮੂਲ ਕਥਨ, ਇਸਲਾਮਿਕ ਮੂਲ ਕਥਨ, ਭਗਤੀ ਮੂਲ ਕਥਨ ਆਦਿ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਮਾਜਕ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਵਿਰਸੇ ਦੇ ਮੂਲ ਕਥਨ ਸਮਝਿਆ ਜਾਂਦਾ ਹੈ। ਇਨ੍ਹਾਂ ਸਾਰੇ ਸੰਦਰਭਾਂ ਦਾ ਹਵਾਲਾ ਦਿੰਦਿਆਂ ਅਸੀਂ ਆਖ ਸਕਦੇ ਹਾਂ ਕਿ ਸਮਾਜ ਵਿਗਿਆਨ ਦੋਵੇਂ ਮੱਧਯੁੱਗ ਅਤੇ ਪ੍ਰਾਚੀਨ ਕਾਲ ਵਿੱਚ ਭਾਰਤੀ ਸਿੱਖਿਆ ਅਤੇ ਸੱਭਿਆਚਾਰਕ ਤਾਣੇ-ਬਾਣੇ ਦਾ ਭਾਗ ਬਣ ਚੁੱਕਾ ਹੈ। ਪ੍ਰੰਤੂ ਸਮਾਜ ਵਿਗਿਆਨ ਭਾਰਤੀ ਉੱਚ/ਯੂਨੀਵਰਸਿਟੀ ਸਿੱਖਿਆ ਪ੍ਰਣਾਲੀ ਦਾ ਅਹਿਮ ਭਾਗ 18ਵੀਂ/19ਵੀਂ ਸਦੀ ਤੋਂ ਬਣਿਆ ਅਤੇ ਭਾਰਤੀ ਸਕੂਲੀ ਵਿਦਿਅਕ ਪ੍ਰਣਾਲੀ ਦਾ ਰਸਮੀ ਭਾਗ ਗਾਂਧੀ ਜੀ ਦੇ 'ਬੁਨਿਆਦੀ ਸਿੱਖਿਆ' ਦੇ ਸੂਤਰੀਕਰਣ ਤੋਂ ਬਣਿਆ। ਆਓ ਅਸੀਂ ਹੇਠਾਂ ਪ੍ਰੀਖਣ ਕਰੀਏ ਕਿ ਕਿਵੇਂ ਸਕੂਲ ਪੱਧਰੀ ਸਮਾਜ ਵਿਗਿਆਨ ਸਮੇਂ-ਸਮੇਂ 'ਤੇ ਸਿੱਖਿਆ ਦੀਆਂ ਯੋਜਨਾਵਾਂ ਅਤੇ ਨੀਤੀਆਂ ਦੁਆਰਾ ਵਰਤਾਰਾ ਕੀਤਾ ਜਾਂਦਾ ਹੈ।

### ਸੈਕੰਡਰੀ ਐਜੂਕੇਸ਼ਨ (ਸਿੱਖਿਆ) ਕਮਿਸ਼ਨ (1952-53) ਟਿੱਪਣੀ ਕਰਦਾ ਹੈ :

'ਪਰਿਭਾਸ਼ਕ ਸ਼ਬਦ ਦੇ ਤੌਰ 'ਤੇ ਸਮਾਜਕ ਅਧਿਐਨ ਭਾਰਤੀ ਸਿੱਖਿਆ ਵਿੱਚ ਤੁਲਨਾਤਮਕ ਨਵਾਂ ਹੈ।' ਇਸ ਦਾ ਭਾਵ ਉਸ ਜ਼ਮੀਨ ਨੂੰ ਕੱਜਣਾ ਹੈ ਜਿਹੜਾ ਕਿ ਪਰੰਪਰਾਗਤ ਤੌਰ 'ਤੇ ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਨਾਗਰਿਕ ਸ਼ਾਸਤਰ ਆਦਿ ਨਾਲ ਜੁੜੇ ਹਨ। ਅਧਿਐਨ ਦਾ ਇਹ ਸਮੁੱਚਾ ਸਮੂਹ, ਇਸ ਕਰਕੇ, ਇੱਕ ਸੰਪੂਰਣ ਠੋਸ ਦੇ ਤੌਰ 'ਤੇ ਦ੍ਰਿਸ਼ਟਮਾਨ ਕੀਤਾ ਜਾਣਾ ਹੈ, ਜਿਸ ਦਾ ਮੰਤਵ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਮਾਜਕ ਵਾਤਾਵਰਣ ਨਾਲ ਅਨੁਕੂਲ ਕਰਨਾ ਹੈ, ਜਿਹੜਾ ਕਿ ਪਰਿਵਾਰ, ਸਮੁਦਾਇ, ਰਾਜ ਅਤੇ ਰਾਸ਼ਟਰ ਨੂੰ ਸ਼ਾਮਲ ਕਰਦਾ ਹੈ - ਤਾਂ ਜੋ ਉਹ ਇਹ ਸਮਝਣ ਦੇ ਯੋਗ ਹੋ ਜਾਣ ਕਿ ਸਮਾਜ ਕਿਵੇਂ ਆਪਣੇ ਵਰਤਮਾਨ ਸਰੂਪ ਵਿੱਚ ਆਇਆ ਅਤੇ ਬੁੱਧੀਮੱਤਾ ਨਾਲ ਸਮਾਜਕ



ਨੋਟ

ਸ਼ਕਤੀਆਂ ਅਤੇ ਗਤੀਵਿਧੀਆਂ ਦੇ ਉਤਪੱਤੀ ਸਥਾਨ ਦੀ ਉਸ ਦੇ ਵਿਚਾਰ ਵਿਆਖਿਆ ਕਰਨ ਦੇ ਯੋਗ ਹੋਣ ਜਿਸ ਵਿੱਚ ਉਹ ਰਹਿ ਰਹੇ ਹਨ।

## ਐਜੂਕੇਸ਼ਨ (ਸਿੱਖਿਆ) ਕਮਿਸ਼ਨ (1964-66) ਟਿੱਪਣੀ ਕਰਦਾ ਹੈ :

ਸਮਾਜਕ ਅਧਿਐਨ ਦੇ ਅਧਿਆਪਨ ਦਾ ਮੁੱਖ ਟੀਚਾ ਵਿਦਿਆਰਥੀ ਨੂੰ, ਆਪਣੇ ਵਾਤਾਵਰਣ ਦਾ ਗਿਆਨ ਹਾਸਲ ਕਰਨ, ਮਨੁੱਖੀ ਰਿਸ਼ਤਿਆਂ, ਰਵੱਈਏ ਅਤੇ ਕਦਰਾਂ-ਕੀਮਤਾਂ ਦੀ ਸਮਝ ਲਈ ਮਦਦ ਕਰਨੀ ਹੈ, ਜਿਹੜੀਆਂ ਕਿ ਸਮੁਦਾਇ, ਰਾਜ, ਰਾਸ਼ਟਰ ਅਤੇ ਦੁਨੀਆ ਵਿਚਲੇ ਮਾਮਲਿਆਂ ਵਿੱਚ ਸਿਆਣਪ ਭਰਪੂਰ ਭਾਗੀਦਾਰੀ ਲਈ ਜ਼ਰੂਰੀ ਹੈ। ਸਮਾਜ ਅਧਿਐਨ ਦਾ ਇੱਕ ਪ੍ਰਭਾਵੀ ਪ੍ਰੋਗ੍ਰਾਮ ਭਾਰਤ ਵਿੱਚ ਚੰਗੀ ਨਾਗਰਿਕਤਾ ਦੇ ਵਿਕਾਸ ਅਤੇ ਭਾਵਨਾਤਮਕ ਸੰਘਟਨ ਲਈ ਅਨਿਵਾਰੀ ਹੈ।

## 'ਦਸ ਸਾਲ ਸਕੂਲ ਲਈ ਪਾਠਕ੍ਰਮ : ਐੱਨ ਸੀ ਈ ਆਰ ਟੀ ਦਾ ਚੌਖਟਾ (ਰੂਪਰੇਖਾ) (1975) ਟਿੱਪਣੀ ਕਰਦਾ ਹੈ' :

ਵਾਤਾਵਰਣ ਅਧਿਐਨ ਜਮਾਤ I ਅਤੇ II ਵਿੱਚ ਦੋਵੇਂ ਪ੍ਰਾਕਿਰਤਕ ਅਤੇ ਸਮਾਜਕ ਵਾਤਾਵਰਣ ਨੂੰ ਸ਼ਾਮਲ ਕਰੇਗਾ। ਪ੍ਰਾਇਮਰੀ ਪੜਾਅ 'ਤੇ 'ਸਮਾਜ ਵਿਗਿਆਨ' ਦੇ ਸਥਾਨ ਤੇ ਸ਼ਬਦ 'ਸਮਾਜਕ ਅਧਿਐਨ' ਦੀ ਵਰਤੋਂ ਵਧੇਰੇ ਉਚਿਤ ਹੋਵੇਗੀ। ਕਿਉਂਕਿ ਇਹ ਇੱਕ ਮੋਕਲਾ ਅਤੇ ਸੰਯੁਕਤ ਦਿਸ਼ਾਤਮਕ ਖੇਤਰ ਪੇਸ਼ ਕਰਦਾ ਹੈ।

---

ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ (1988) ਪ੍ਰੇਖਣ ਕਰਦਾ ਹੈ :

---

ਸਮਾਜ ਵਿਗਿਆਨ ਸ਼ਾਇਦ ਇੱਕਹਿਰਾ ਪਾਠਕ੍ਰਮ ਸੰਬੰਧੀ ਖੇਤਰ ਹੈ ਜਿਹੜਾ ਕਿ ਐੱਨ ਪੀ ਈ (1986) ਦੁਆਰਾ ਚਿੰਤਨ ਕੀਤੇ ਸਾਰੇ ਕੋਰ ਸੰਘਟਕਾਂ ਦੇ ਸੰਦਰਭ 'ਚ ਸਿੱਖਿਆ ਉਪਲੱਬਧ ਕਰਨ ਲਈ ਇੱਕ ਸਭ ਤੋਂ ਵੱਧ ਪ੍ਰਭਾਵੀ ਔਜ਼ਾਰ ਦੇ ਤੌਰ 'ਤੇ ਪ੍ਰਮਾਣਤ ਕਰ ਸਕਦਾ ਹੈ। ਐੱਨ ਪੀ ਈ ਦੁਆਰਾ ਚਿੰਤਨ ਕੀਤੇ ਕੋਰ ਸੰਘਟਕ ਹਨ -

(i) ਭਾਰਤ ਦੇ ਸੁਤੰਤਰਤਾ ਅੰਦੋਲਨ ਦਾ ਇਤਿਹਾਸ

(ii) ਸੰਵਿਧਾਨਕ ਪ੍ਰਤਿਗਿਆਵਾਂ

(iii) ਕਦਰਾਂ-ਕੀਮਤਾਂ ਜਿਵੇਂ ਕਿ ਭਾਰਤ ਦਾ ਸਾਂਝਾ ਸੱਭਿਆਚਾਰਕ ਵਿਰਸਾ

(iv) ਸਮਾਨਤਾਵਾਦ, ਲੋਕਤੰਤਰ, ਧਰਮ-ਨਿਰਪੇਖਤਾ,

(v) ਲਿੰਗ ਬਰਾਬਰੀ

(vi) ਵਾਤਾਵਰਣ ਦੀ ਸੰਭਾਲ

(vii) ਲਘੂ ਪਰਿਵਾਰ ਨੇਮ ਆਦਿ

ਨੋਟ

### ਰਾਸ਼ਟਰੀ ਪਾਠਕ੍ਰਮ ਚੌਖਟਾ (ਰੂਪਰੇਖਾ) (2005, ਸਫਾ 50) ਟਿੱਪਣੀ ਕਰਦਾ ਹੈ :

ਸਮਾਜ ਵਿਗਿਆਨ ਸਮਾਜ ਦੇ ਵੰਨ-ਸੁਵੰਨੇ ਸੰਬੰਧਾਂ ਨੂੰ ਘੇਰਦਾ ਹੈ ਅਤੇ ਵਿਸ਼ਾ ਮਜ਼ਮੂਨ ਦੀ ਇੱਕ ਵਿਆਪਕ ਗੁੰਜਾਇਸ਼ ਨੂੰ ਸੰਮਿਲਤ ਕਰਦਾ ਹੈ, ਜਿਹੜਾ ਕਿ ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਸਮਾਜ ਸ਼ਾਸਤਰ ਅਤੇ ਮਾਨਵ ਵਿਗਿਆਨ ਤੋਂ ਗ੍ਰਹਿਣ ਕਰਦਾ ਹੈ। ਸਮਾਜ ਵਿਗਿਆਨ ਦੇ ਪਰਿਪੇਖ ਅਤੇ ਗਿਆਨ ਇੱਕ ਨਿਆਂਪੂਰਣ ਅਤੇ ਸ਼ਾਂਤ ਸਮਾਜ ਲਈ ਗਿਆਨ ਦਾ ਆਧਾਰ ਨਿਰਮਤ ਕਰਨ ਲਈ ਅਨਿਵਾਰੀ ਹਨ। ਵਿਸ਼ਾ-ਵਸਤੂ ਪਰਿਚਿਤ ਸਮਾਜਕ ਹਕੀਕਤ ਦੇ ਆਲੋਚਨਾਤਮਕ ਉਘਾੜ ਅਤੇ ਪੁੱਛ-ਪੜਤਾਲ ਦੁਆਰਾ ਵਿਦਿਆਰਥੀਆਂ ਵਿੱਚ ਜਾਗਰੂਕਤਾ ਉਭਾਰਣ ਉੱਪਰ ਕੇਂਦਰਤ ਹੋਣਾ ਚਾਹੀਦਾ ਹੈ। ਨਵੀਆਂ ਵਿਮਾਵਾਂ ਅਤੇ ਸੰਬੰਧਾਂ ਨੂੰ ਸ਼ਾਮਲ ਕਰਨ ਦੀਆਂ ਸੰਭਾਵਨਾਵਾਂ, ਵਿਸ਼ੇਸ਼ਕਰ ਵਿਦਿਆਰਥੀਆਂ ਦੇ ਆਪਣੇ ਜੀਵਨ ਨਜ਼ਰੀਏ ਨਾਲ, ਵਿਚਾਰਣਯੋਗ ਹਨ। ਇੱਕ ਭਾਵਪੂਰਣ ਪਾਠਕ੍ਰਮ ਵਿੱਚ ਸਾਮੱਗਰੀ ਦੀ ਚੋਣ ਅਤੇ ਸੰਗਠਤ ਕਰਨਾ ਵਿਦਿਆਰਥੀਆਂ ਨੂੰ ਸਮਾਜ ਦੀ ਆਲੋਚਨਾਤਮਕ ਸਮਝ ਵਿਕਸਤ ਕਰਨ ਦੇ ਯੋਗ ਬਣਾਵੇਗਾ, ਇੱਕ ਚੁਣੌਤੀਭਰਪੂਰ ਕਾਰਜ ਹੈ।

### ਆਪਣੀ ਪ੍ਰਗਤੀ ਦੀ ਪਰਖ ਕਰੋ – 2

ਪ੍ਰਸ਼ਨ : ਪ੍ਰਾਚੀਨ ਭਾਰਤੀ ਸੱਭਿਆਚਾਰਕ/ਵਿਦਿਅਕ ਪ੍ਰਣਾਲੀ ਵਿੱਚ ਸਮਾਜ ਵਿਗਿਆਨ ਦੀ ਸਿਖਲਾਈ ਦਾ ਸਥਾਨ ਦੱਸੋ?

(ਨੋਟ : ਆਪਣਾ ਉੱਤਰ ਹੇਠਾਂ ਦਿੱਤੇ ਸਥਾਨ ਵਿੱਚ ਲਿਖੋ ਅਤੇ ਆਪਣੇ ਉੱਤਰ ਨੂੰ ਇਕਾਈ ਦੇ ਅੰਤ ਵਿੱਚ ਦਿੱਤੇ ਗਏ ਨਮੂਨਾ ਉੱਤਰ ਨਾਲ ਮਿਲਾਓ)

## 1.4 ਸਮਾਜ ਦਾ ਵਰਤਮਾਨ ਰੁਤਬਾ

ਵਰਤਮਾਨ ਸਮਾਜ ਦਾ ਉਗਮਣ ਬੀਤੇ ਸਮਾਜਾਂ ਤੋਂ ਹੋਇਆ। ਲੋਕ ਪਿਆਰ ਨਾਲ ਵਰਤਮਾਨ ਸਮਾਜ ਨੂੰ ਆਧੁਨਿਕ ਜਾਂ ਉੱਤਰ ਆਧੁਨਿਕ ਆਖਦੇ ਹਨ। ਵਰਤਮਾਨ ਸਮਾਜ ਕੁਝ ਵਿਸ਼ੇਸ਼ ਵਿਸ਼ੇਸ਼ਤਾਈਆਂ ਅਤੇ ਲੱਛਣ ਧਾਰਣ ਕਰਦਾ ਹੈ ਜਿਹੜੇ ਕਿ ਮੁਸ਼ਕਲ ਨਾਲ ਸ਼ੁਰੂਆਤੀ ਸਮਾਜਾਂ ਵਿੱਚ ਪਾਏ ਜਾਂਦੇ ਹਨ, ਭਾਵ; ਪ੍ਰਾਚੀਨ, ਮੱਧਕਾਲ ਅਤੇ ਸ਼ੁਰੂਆਤੀ ਆਧੁਨਿਕ ਸਮਾਜ। ਅਸੀਂ ਇਸ ਵਰਤਮਾਨ ਸਮਾਜਕ ਵਰਤਾਰੇ ਅਤੇ ਚੁਣੌਤੀਆਂ ਅਤੇ ਸਮਾਜ ਵਿਗਿਆਨ ਦੀ ਭੂਮਿਕਾ ਦੇ ਸੰਦਰਭ ਵਿੱਚ ਚਰਚਾ ਕਰਾਂਗੇ।

### 1.4.1 ਵਰਤਮਾਨ ਸਮਾਜਕ ਵਰਤਾਰਾ ਅਤੇ ਚੁਣੌਤੀਆਂ

ਨੋਟ

ਵਰਤਮਾਨ ਸਮਾਜ 21ਵੀਂ ਸਦੀ ਦਾ ਸਮਾਜ ਹੈ ਜਿਹੜਾ ਕਿ ਵਿਕਾਸ, ਤਬਦੀਲੀਆਂ, ਦੁਬਿਧਾ, ਮੁੱਦੇ ਅਤੇ ਚੁਣੌਤੀਆਂ ਨਾਲ ਸੰਬੰਧਤ ਕਈ ਵਿਸ਼ੇਸ਼ਤਾਈਆਂ ਦਾ ਅਨੁਭਵ ਕਰਦਾ ਹੈ। ਨਿਮਨ ਬਿੰਦੂ ਵਰਤਮਾਨ ਸਮਾਜਕ ਪ੍ਰਣਾਲੀ ਅਤੇ ਵਰਤਾਰੇ ਨੂੰ ਚਿਤਰਤ ਕਰ ਸਕਦੇ ਹਨ

1) ਵਰਤਮਾਨ ਸਮਾਜ ਇੱਕ ਤੇਜ਼ੀ ਨਾਲ ਵੱਧ ਰਿਹਾ ਸਮਾਜ ਹੈ, ਜਿਹੜਾ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਤੀਬਰ ਵਿਕਾਸ ਉੱਪਰ ਆਧਾਰਤ ਹੈ।

2) ਜ਼ਿੰਦਗੀ ਦੇ ਕਈ ਦਾਇਰਿਆਂ ਵਿੱਚ ਜਟਿਲਤਾ, ਵਿਭਿੰਨਤਾ, ਵਿਭਿੰਨ ਰੂਪਤਾ (ਭਾਵ; ਆਰਥਕ, ਰਾਜਨੀਤਕ ਸੱਭਿਆਚਾਰਕ, ਧਾਰਮਕ ਆਦਿ) ਵਰਤਮਾਨ ਸਮਾਜ ਨੂੰ ਚਿਤਰਤ ਕਰਦਾ ਹੈ।

3) ਨਵੀਆਂ ਸਮਾਜਕ ਤਰਤੀਬਾਂ ਜਿਵੇਂ ਕਿ ਆਧੁਨਿਕੀਕਰਣ, ਸਨਅਤੀਕਰਣ, ਸ਼ਹਿਕਰੀਕਰਣ, ਵਿਸ਼ੇਸ਼ਗੱਤਾ, ਸਵੈਚਾਲਣ, ਵਿਆਪੀਕਰਣ, ਨਿੱਜੀਕਰਣ, ਉਦਾਰਤਾ, ਯੋਜਨਾਗਤ ਵਿਕਾਸ ਆਦਿ ਵਰਤਮਾਨ ਸਮਾਜ ਦੇ ਬੁਨਿਆਦੀ ਲੱਛਣ ਹਨ।

4) ਨਵੀਆਂ ਸਮਾਜਕ ਕਦਰਾਂ-ਕੀਮਤਾਂ ਜਿਵੇਂ ਕਿ ਲੋਕਤੰਤਰ, ਸਮਾਜਵਾਦ, ਧਰਮਨਿਰਪੇਖਤਾ, ਬਰਾਬਰੀ, ਭਰਾਤਰੀ ਭਾਵ, ਨਿਆਂ, ਵਿਗਿਆਨਕ ਮਨੋਦਸ਼ਾ, ਨਿੱਜੀ ਅਧਿਕਾਰ, ਸੁਤੰਤਰਤਾ, ਤਰਕਵਾਦੀ ਸੋਚ ਆਦਿ ਆਧੁਨਿਕ ਸਮਾਜ ਪ੍ਰਣਾਲੀ ਦੇ ਸਿੱਟੇ ਹਨ।

5) ਸਮਾਜਕ ਗਤੀਸ਼ੀਲਤਾ, ਬਹੁਸੱਭਿਆਚਾਰਵਾਦ, ਸੱਭਿਆਚਾਰਕ ਅਨੇਕਵਾਦ, ਬਹੁਭਾਸ਼ਾਵਾਦ, ਸਮਾਜਕ ਪਰੰਪਰਾਵਾਂ ਦਾ ਪਤਨ ਆਦਿ ਆਧੁਨਿਕ ਸਮਾਜ ਵਿੱਚ ਬੇਮੁਹਾਰੇ ਹਨ।

6) ਵਰਤਮਾਨ ਸਮਾਜ ਵੱਡੀ ਗਿਣਤੀ ਵਿੱਚ ਸਮਾਜਕ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ ਜਿਵੇਂ ਕਿ ਗਰੀਬੀ, ਬੇਰੁਜ਼ਗਾਰੀ, ਪੂੰਜੀਵਾਦ ਉੱਪਰ ਆਧਾਰਤ ਸ਼ੋਸ਼ਣ, ਪੇਂਡੂ-ਸ਼ਹਿਰੀ ਅੰਤਰ, ਬਸਤੀਆਂ ਦਾ ਵਿਕਾਸ, ਸਮਾਜਕ ਅਲਹਿਦਗੀ, ਆਬਾਦੀ ਸਮੱਸਿਆ, ਪਰਿਵਾਰ ਅਸੰਗਠਨ, ਸਮਾਜਕ ਜੁਰਮ, ਕਾਲਾਬਾਜ਼ਾਰੀ, ਸਮਾਜਕ ਅਸ਼ਾਂਤੀ, ਖੇਤਰੀਵਾਦ, ਵਿਕਾਸ ਅਧੀਨਤਾ, ਵਾਤਾਵਰਣਕ ਪ੍ਰੇਸ਼ਾਨੀ, ਸੂਚਨਾ ਅਤੇ ਗਿਆਨ ਵਿਸਫੋਟ ਆਦਿ।

## 1.4.2 ਵੱਖਰਿਆਇ ਸਮਾਜ ਵਿੱਚ ਸਮਾਜ ਵਿਗਿਆਨ ਦਾ ਕਾਰਜ ਖੇਤਰ

ਇੱਕ ਵੱਖਰਿਆਇਆ ਸਮਾਜ ਇੱਕ ਵੱਖਰਾ ਅਤੇ ਜਟਿਲ ਸਮਾਜ ਹੁੰਦਾ ਹੈ, ਜਿਹੜਾ ਕਿ ਕਈ ਸਮਾਜਕ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਦਾ ਹੈ। ਵਰਤਮਾਨ ਸਮਾਜ ਇੱਕ ਵੱਖਰਿਆਇਆ ਸਮਾਜ ਹੈ ਜਿੱਥੇ ਵੱਡੀ ਗਿਣਤੀ ਵਿੱਚ ਸਮਾਜਕ ਸਮੱਸਿਆਵਾਂ ਪਾਈਆਂ ਜਾਂਦੀਆਂ ਹਨ। ਕੁਝ ਸਮਾਜਕ ਸਮੱਸਿਆਵਾਂ ਜਿਨ੍ਹਾਂ ਦਾ ਵਰਤਮਾਨ ਸਮਾਜ ਨੂੰ ਸਾਹਮਣਾ ਕਰਨਾ ਪੈਂਦਾ ਹੈ, ਇਸ ਇਕਾਈ ਦੇ ਉਪਰੋਕਤ ਖੰਡ (ਭਾਵ; ਖੰਡ 1.4.1) ਵਿੱਚ ਵਰਨਣ ਕੀਤਾ ਗਿਆ ਹੈ। ਜਿਵੇਂ ਕਿ ਵਰਤਮਾਨ ਸਮਾਜ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਦਾ ਕਾਰਣ ਵਿਗਿਆਨ ਅਤੇ ਤਕਨਾਲੋਜੀ ਦਾ ਪ੍ਰਭਾਵ ਹੈ। ਅਡਵਾਂਸ ਮੀਡੀਆ ਅਤੇ ਹੋਰ ਕਾਰਣ ਵੀ ਹਨ, ਨਵੀਆਂ ਸਮਾਜਕ ਸਮੱਸਿਆਵਾਂ ਦਿਨ-ਬ-ਦਿਨ ਵੱਧ ਰਹੀਆਂ ਹਨ। ਇਸ ਕਾਰਣ ਨਵੇਂ ਸਮਾਜ ਵਿਗਿਆਨਾਂ ਦਾ ਉਗਮਨ ਹੋ ਰਿਹਾ ਹੈ ਅਤੇ ਸਿੱਖਿਆ ਪ੍ਰਣਾਲੀ ਦਾ ਭਾਗ ਬਣ ਰਹੇ ਹਨ, ਤਾਂ ਜੋ ਅਜਿਹੀਆਂ ਸਮਾਜਕ ਸਮੱਸਿਆਵਾਂ ਦਾ



ਨੋਟ

ਸਾਹਮਣਾ ਕੀਤਾ ਜਾ ਸਕੇ। 18ਵੀਂ ਅਤੇ 19ਵੀਂ ਸਦੀ ਵਿੱਚ ਸਮਾਜ ਵਿਗਿਆਨ ਵਿਸ਼ੇ ਜਿਵੇਂ ਸਮਾਜਕਾਰਜ ਲੋਕ ਪ੍ਰਸ਼ਾਸਨ, ਅਪਰਾਧ ਵਿਗਿਆਨ, ਮਨੋਵਿਗਿਆਨ ਅਤੇ ਜਨਅੰਕੜਾ ਵਿਗਿਆਨ, ਦਾ ਥੋੜ੍ਹਾ-ਬਹੁਤਾ ਵਜੂਦ ਸੀ, ਪ੍ਰੰਤੂ ਅਖੀਰ ਵਿੱਚ ਅਤੇ ਵਰਤਮਾਨ ਸਦੀਆਂ ਵਿੱਚ ਇਨ੍ਹਾਂ ਵਿਸ਼ਿਆਂ ਨੂੰ ਜ਼ਰੂਰੀ ਅਹਿਮੀਅਤ ਮਿਲ ਰਹੀ ਹੈ ਕਿਉਂਕਿ ਕਈ ਹੋਰ ਨਵੀਆਂ ਸਮਾਜਕ ਸਮੱਸਿਆਵਾਂ ਜੁੜ ਗਈਆਂ ਹਨ। ਮਿਸਾਲ ਦੇ ਤੌਰ 'ਤੇ 18ਵੀਂ ਸਦੀ'ਚ ਇੱਥੋਂ ਤੱਕ ਕਿ 19ਵੀਂ ਸਦੀ ਵਿੱਚ ਵੀ, ਆਬਾਦੀ ਨਾਲ ਸੰਬੰਧਤ ਮੁੱਦੇ, ਵਿਸ਼ੇਸ਼ਕਰ ਆਵਾਜਾਈ ਦਾ ਵਾਧਾ ਮੁੱਖ ਸਮਾਜਕ ਵਿਸ਼ੇ ਨਹੀਂ ਸਨ, ਪ੍ਰੰਤੂ ਆਖਰੀ ਅਤੇ ਵਰਤਮਾਨ ਸਦੀਆਂ ਵਿੱਚ, ਆਬਾਦੀ ਦੇ ਵਾਧੇ ਨਾਲ ਸੰਬੰਧਤ ਜਟਿਲਤਾਵਾਂ ਨੇ ਸਮਾਜਕ ਜੀਵਨ ਦੇ ਕਈ ਪਹਿਲੂਆਂ ਨੂੰ ਪ੍ਰਭਾਵਤ ਕੀਤਾ, ਜਿਸ ਕਾਰਣ ਸ਼ਬਦ ਜਨ-ਅੰਕੜਾ ਵਿਗਿਆਨ ਸਿੱਖਿਆ ਪ੍ਰਣਾਲੀ ਦੇ ਇੱਕ ਅਹਿਮ ਭਾਗ ਵਜੋਂ ਉਗਮਣ ਹੋਇਆ। ਪੂਰਵ-ਆਧੁਨਿਕ/ਸ਼ੁਰੂਆਤੀ ਆਧੁਨਿਕ ਸਮਾਜਾਂ ਵਿੱਚ ਲੋਕਾਂ ਦਾ ਜੀਵਨ ਸਾਧਾਰਣ ਸੀ ਅਤੇ ਅਪਰਾਧਕ ਗਤੀਵਿਧੀਆਂ ਘੱਟ ਸਨ, ਪ੍ਰੰਤੂ ਆਧੁਨਿਕ ਸਨਅਤੀ ਸਮਾਜ ਵਿੱਚ ਅਪਰਾਧਕ ਗਤੀਵਿਧੀਆਂ ਮਨੁੱਖੀ ਜੀਵਨ ਦੇ ਹਰੇਕ ਦਾਇਰੇ ਵਿੱਚ ਪਾਈਆਂ ਜਾਂਦੀਆਂ ਹਨ ਅਤੇ ਅਪਰਾਧਕ ਗਤੀਵਿਧੀਆਂ ਨਾਲ ਸੰਬੰਧਤ ਬੀਮਾਰੀਆਂ ਨੂੰ ਜਾਂਚਣ ਲਈ ਅਪਰਾਧ ਵਿਗਿਆਨ ਵਿਸ਼ੇ ਦਾ ਉਗਮਣ ਹੋਇਆ ਅਤੇ ਸਿੱਖਿਆ ਪ੍ਰਣਾਲੀ ਦਾ ਇੱਕ ਅਹਿਮ ਭਾਗ ਬਣ ਗਿਆ। ਇਸੇ ਤਰ੍ਹਾਂ ਕਈ ਸਮਾਜ ਵਿਗਿਆਨ ਵਿਸ਼ੇ ਦਿਨ-ਬ-ਦਿਨ ਉਗਮਣ ਹੋ ਰਹੇ ਹਨ ਤਾਂ ਜੋ ਸਮਾਜਕ ਸੱਸਿਆਵਾਂ ਦੀ ਬਦਲ ਰਹੀ ਪ੍ਰਕਿਰਤੀ ਦਾ ਸਾਹਮਣਾ ਕੀਤਾ ਜਾ ਸਕੇ। ਇਸ ਤਰ੍ਹਾਂ ਸਮਾਜ ਵਿਗਿਆਨ ਦਾ ਕਾਰਜ ਖੇਤਰ ਪੜਾਅ ਦਰ ਪੜਾਅ ਵਿਸ਼ਾਲ ਹੁੰਦਾ ਜਾ ਰਿਹਾ ਹੈ।

## ਆਪਣੀ ਪ੍ਰਗਤੀ ਦੀ ਪਰਖ ਕਰੋ - 3

(ਨੋਟ : ਹੇਠਾਂ ਦਿੱਤੇ ਸਥਾਨ ਵਿੱਚ ਆਪਣਾ ਉੱਤਰ ਲਿੱਖੋ ਅਤੇ ਇਕਾਈ ਦੇ ਅੰਤ ਵਿੱਚ ਦਿੱਤੇ ਨਮੂਨਾ ਉੱਤਰਾਂ ਨਾਲ ਮਿਲਾਣ ਕਰੋ)।

ਪ੍ਰਸ਼ਨ : ਦਿਨ-ਬ-ਦਿਨ ਨਵੇਂ ਸਮਾਜ ਵਿਗਿਆਨ ਕਿਉਂ ਉਗਮਣ ਹੋ ਰਹੇ ਹਨ?

-----------------------------------------------------------------

-----------------------------------------------------------------

-----------------------------------------------------------------

-----------------------------------------------------------------

## 1.5 ਸਮਾਜ ਵਿਗਿਆਨ ਦੇ ਸੰਘਟਕ

ਸਮਾਜ ਵਿਗਿਆਨ ਬੁਨਿਆਦੀ ਤੌਰ 'ਤੇ ਅਧਿਐਨ ਦੇ ਇੱਕ ਖੇਤਰ ਦੀ ਰਚਨਾ ਕਰਦੇ ਹਨ। ਭਾਵੇਂ ਕਿ ਸਮਾਜ ਵਿਗਿਆਨ ਦਾ ਜਨਮ ਸਮੇਂ ਦੀ ਅਲਪ ਅਵਧੀ ਨੂੰ ਕੱਜਦਾ ਹੈ, ਫੇਰ ਵੀ ਸਮਾਜ ਵਿਗਿਆਨ ਨੇ ਅਧਿਐਨ ਦੇ ਹੋਰਨਾਂ ਖੇਤਰਾਂ ਵਿੱਚ ਅਧਿਐਨ ਦੇ ਅਹਿਮ ਖੇਤਰ ਦੇ ਤੌਰ 'ਤੇ ਸਥਾਪਤ ਕਰ ਲਿਆ ਹੈ। ਇਹ ਸਮੇਂ, ਸੰਦਰਭ, ਚੁਣੌਤੀ ਆਦਿ ਦਾ ਪ੍ਰਭਾਵ ਹੈ, ਜਿਹੜੀ ਕਿ ਸਮਾਜਕ ਵਰਤਾਰੇ ਨਾਲ ਸੰਬੰਧਤ ਹੈ, ਜਿਸ ਨੇ ਕਿ ਸਮਾਜ ਵਿਗਿਆਨ ਨੂੰ ਅਧਿਐਨ ਦਾ ਇੱਕ ਖੇਤਰ ਬਣਾ ਦਿੱਤਾ।

### 1.5.1 ਸਮਾਜ ਵਿਗਿਆਨ ਪਰਿਵਾਰ ਅਧੀਨ ਵਿਚਾਰੇ ਵਿਸ਼ੇ

ਨੋਟ

ਗਿਆਨ ਇੱਕ ਏਕਾਤਮਕ ਸੰਕਲਪ ਹੈ ਅਤੇ ਇਸ ਨੂੰ ਭਿੰਨ ਵੱਖਰਿਆਇ ਵਿਸ਼ਿਆਂ ਵਿੱਚ ਵੰਡਿਆ ਨਹੀਂ ਜਾ ਸਕਦਾ ਜਿਵੇਂ ਨਿਪਟ ਵੱਖਰਾ ਭਾਗ। ਸਗੋਂ ਗਿਆਨ ਨੂੰ ਨਿਸ਼ਚਤ ਮੋਕਲੇ ਖੇਤਰਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ ਜਿਨ੍ਹਾਂ ਦਾ ਆਪਸ ਵਿੱਚ ਲੋੜੀਂਦਾ ਸੰਪਰਕ ਹੋਵੇ। ਗਿਆਨ ਪ੍ਰਤਿ ਵਿਸਤ੍ਰਿਤ ਖੇਤਰੀ ਪਹੁੰਚ ਨੂੰ ਨਿਮਨ ਸਾਰਣੀ ਤੋਂ ਪਰਿਣਾਮਤ ਕੀਤਾ ਜਾ ਸਕਦਾ ਹੈ।

## ਗਿਆਨ ਪ੍ਰਤਿ ਵਿਸਤ੍ਰਿਤ ਖੇਤਰੀ ਪਹੁੰਚ

| Fields of Study | Subjects Considered Under Fields of Study |
|---|---|
| Physical Sciences | Physics<br>Chemistry<br>Earth Seciences etc. |
| Mathematical Sciences | Algebra<br>Arithmetics<br>Geometry<br>Mensuration etc. |
| Biological Sciences | Botany<br>Zoology<br>Bio-technology<br>Microbiology etc. |
| Social Sciences | History<br>Economics<br>Pol. Sc.<br>Psychlogy etc. |
| Language Studies | Literature<br>Linguistics<br>Drama and Novel etc. |

ਗਿਆਨ ਦੀ ਇੱਕ ਸ਼ਾਖਾ ਨੂੰ ਕੁਝ ਸ਼ਰਤਾਂ ਲਾਜ਼ਮੀ ਪੂਰੀਆਂ ਕਰਨੀਆਂ ਚਾਹੀਦੀਆਂ ਹਨ, ਜਿਸ ਨੂੰ ਕਿ ਅਧਿਐਨ ਦੇ ਖੇਤਰ ਦੇ ਤੌਰ 'ਤੇ ਸੱਦਿਆ ਜਾ ਸਕੇ। ਤਿੰਨ ਮੁੱਖ ਸ਼ਰਤਾਂ ਜਿਹੜੀਆਂ ਕਿ ਅਧਿਐਨ ਦੇ ਇੱਕ ਖੇਤਰ ਦੀ ਪ੍ਰਕਿਰਤੀ ਨੂੰ ਗੁਣ-ਵਰਨਣ ਕਰਦੀਆਂ ਹਨ, ਨਿਮਨ ਤਿੰਨ ਬਿੰਦੂਆਂ ਅਧੀਨ ਦਿੱਤੀਆਂ ਗਈਆਂ ਹਨ।

1) ਇੱਕ ਖੇਤਰ ਵਿੱਚ ਵਿਅਕਤੀਗਤ ਵਿਸ਼ਿਆਂ ਦੀ ਕਾਫੀ ਗਿਣਤੀ ਸ਼ਾਮਲ ਹੋਣੀ ਚਾਹੀਦੀ ਹੈ।

2) ਇੱਕ ਖੇਤਰ ਅਧੀਨ ਵਿਸ਼ਿਆਂ ਵਿਚਾਲੇ ਕਿਰਿਆਤਮਕ ਸੰਬੰਧ ਅਤੇ ਅੰਤਰ ਵਿਦਮਾਨ ਹੁੰਦੇ ਹਨ।

3) ਭਿੰਨ ਖੇਤਰਾਂ ਜਾਂ ਵਿਸ਼ਿਆਂ ਵਿਚਾਲੇ ਕਿਰਿਆਤਮਕ ਸੰਬੰਧ ਅਤੇ ਅੰਤਰ ਵਿਦਮਾਨ ਹੁੰਦੇ ਹਨ।

ਗਿਆਨ ਦੀ ਸ਼ਾਖਾ ਦੇ ਤੌਰ 'ਤੇ ਸਮਾਜ ਵਿਗਿਆਨ ਉਪਰੋਕਤ ਤਿੰਨਾਂ ਸ਼ਰਤਾਂ ਨੂੰ ਪੂਰੀਆਂ ਕਰਦਾ ਹੈ ਤਾਂ ਜੋ ਅਧਿਐਨ ਦੇ ਖੇਤਰ ਦੇ ਤੌਰ 'ਤੇ ਸੱਦਿਆ ਜਾ ਸਕੇ। ਪਹਿਲਾਂ ਸਮਾਜ ਵਿਗਿਆਨ ਵੱਡੀ ਗਿਣਤੀ ਵਿੱਚ ਵਿਅਕਤੀਗਤ ਵਿਸ਼ੇ ਜਿਵੇਂ ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਕਾਨੂੰਨ ਆਦਿ। ਦੂਜਾ, ਸਾਰੇ ਸਮਾਜ ਵਿਗਿਆਨ ਵਿਸ਼ਿਆਂ ਵਿਚਾਲੇ ਕਿਰਿਆਤਮਕ ਸੰਬੰਧ ਅਤੇ ਅੰਤਰ ਹੈ। ਸਮਾਜ ਵਿਗਿਆਨ ਦੇ ਵਿਸ਼ੇ ਇੱਕ-ਦੂਜੇ ਨਾਲ ਇਸ ਕਾਰਣ ਸੰਬੰਧਤ ਹਨ ਕਿਉਂਕਿ ਮਨੁੱਖੀ ਸੰਬੰਧਨ ਸਾਰੇ ਸਮਾਜ ਵਿਗਿਆਨ ਵਿਸ਼ਿਆਂ ਦਾ ਇੱਕ ਸਾਂਝਾ ਭਾਜਕ ਹੈ। ਇਸ ਤੋਂ ਵੱਧ ਕੇ ਸਾਰੇ ਸਮਾਜ ਵਿਗਿਆਨ ਵਿਸ਼ਿਆਂ ਵਿਚਾਲੇ ਅੰਤਰ ਚਿੰਨ੍ਹਤ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਅਰਥ ਸ਼ਾਸਤਰ ਸਮਾਜ ਵਿਚਾਲੇ ਵਿੱਤੀ ਸੰਬੰਧਾਂ ਦਾ ਅਧਿਐਨ ਕਰਦਾ ਹੈ, ਰਾਜਨੀਤੀ ਸ਼ਾਸਤਰ ਸਮਾਜ ਦੀ ਸੰਚਾਲਣ

ਪ੍ਰਣਾਲੀ ਦਾ ਅਧਿਐਨ ਕਰਦਾ ਹੈ ਅਤੇ ਕਾਨੂੰਨ ਸਮਾਜ ਦੀਆਂ ਕਾਨੂੰਨੀ ਸੰਸਥਾਵਾਂ ਦਾ ਅਧਿਐਨ ਕਰਦਾ ਹੈ ਅਤੇ ਇਸੇ ਤਰ੍ਹਾਂ ਹੋਰ। ਤੀਜਾ, ਸਮਾਜ ਵਿਗਿਆਨ ਖੇਤਰ ਅਤੇ/ਜਾਂ ਸਮਾਜ ਵਿਗਿਆਨ ਖੇਤਰ ਦੇ ਵਿਸ਼ੇ ਦੂਜੇ ਖੇਤਰਾਂ ਅਤੇ/ਜਾਂ ਹੋਰਨਾਂ ਖੇਤਰਾਂ ਦੇ ਵਿਸ਼ਿਆਂ ਨਾਲ ਕਿਰਿਆਤਮਕ ਸੰਬੰਧ ਅਤੇ ਅੰਤਰ ਰੱਖਦੇ ਹਨ। ਇਸ ਸੰਬੰਧੀ ਇੱਕ ਮਿਸਾਲ ਇੱਥੇ ਦਿੱਤੀ ਗਈ ਹੈ। ਕਿਉਂਕਿ ਅਧਿਐਨ ਦੇ ਸਾਰੇ ਖੇਤਰ ਗਿਆਨ ਦੀਆਂ ਸ਼ਾਖਾਵਾਂ ਹਨ ਅਤੇ ਗਿਆਨ ਮੁੱਢਲੇ ਤੌਰ 'ਤੇ ਏਕਾਤਮਕ ਸੰਕਲਪ/ਵਰਤਾਰਾ ਹੈ, ਇਸ ਲਈ ਸਮਾਜ ਵਿਗਿਆਨ ਖੇਤਰ ਜਾਂ ਸਮਾਜ ਵਿਗਿਆਨ ਖੇਤਰ ਦੇ ਵਿਸ਼ੇ ਕਈ ਖਾਸੀਅਤਾਂ ਧਾਰਣ ਕਰਦੇ ਹਨ। ਇਸ ਸੰਬੰਧੀ ਵੇਰਵੇ ਇਕਾਈ ਦੇ ਮਗਰਲੇ ਭਾਗ ਵਿੱਚ ਦਿੱਤੇ ਜਾਣਗੇ। ਇਸ ਤੋਂ ਵੱਧ ਕੇ, ਸਮਾਜ ਵਿਗਿਆਨ ਖੇਤਰ ਅਤੇ ਇਸ ਦੇ ਵਿਸ਼ੇ ਕਿਰਿਆਤਮਕ ਤੌਰ 'ਤੇ ਹੋਰਨਾਂ ਖੇਤਰਾਂ ਅਤੇ ਵਿਸ਼ਿਆਂ ਤੋਂ ਭਿੰਨ ਹੁੰਦੇ ਹਨ। ਜਦਕਿ ਸਮਾਜ ਵਿਗਿਆਨ ਦੇ ਵਿਸ਼ੇ ਸਮਾਜਕ ਸੰਬੰਧਾਂ ਦਾ ਅਧਿਐਨ ਕਰਦੇ ਹਨ; ਭੌਤਿਕ ਵਿਗਿਆਨ ਦੇ ਵਿਸ਼ੇ ਭੌਤਿਕ ਮਾਮਲੇ/ਪਦਾਰਥਾਂ/ਗਤੀਵਿਧੀਆਂ ਦਾ ਅਧਿਐਨ ਕਰਦੇ ਹਨ ਜਿਵੇਂ ਕਿ ਕਰੰਟ, ਤਾਪ, ਰੋਸ਼ਨੀ, ਰਸਾਇਣ ਆਦਿ; ਜੀਵ ਵਿਗਿਆਨ ਵਿਸ਼ੇ ਪਸ਼ੂਆਂ ਅਤੇ ਪੌਦਿਆਂ ਦੇ ਜੀਵਨ ਦਾ ਅਧਿਐਨ ਕਰਦੇ ਹਨ, ਗਣਿਤੀ ਵਿਗਿਆਨ ਵਿਸ਼ੇ ਸੰਖਿਆ ਪ੍ਰਣਾਲੀ ਅਤੇ ਸੰਬੰਧਤ ਸੰਕਲਪਾਂ ਅਤੇ ਇਸੇ ਤਰ੍ਹਾਂ ਦੇ ਹੋਰਨਾਂ ਦਾ ਅਧਿਐਨ ਕਰਦੇ ਹਨ। ਸਮਾਜ ਵਿਗਿਆਨ ਪਰਿਵਾਰ ਵਿੱਚ ਕਾਫੀ ਗਿਣਤੀ ਵਿੱਚ ਵਿਸ਼ੇ ਸ਼ਾਮਲ ਕੀਤੇ ਗਏ ਹਨ ਸਮਾਜ ਵਿਗਿਆਨ ਦੇ ਕੁਝ ਵਿਸ਼ੇ ਜਿਵੇਂ ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਦਰਸ਼ਨ ਸ਼ਾਸਤਰ ਆਦਿ ਬੇਹੱਦ ਪੁਰਾਣੇ ਵਿਸ਼ੇ ਹਨ, ਜਦਕਿ ਕੁਝ ਹੋਰ ਸਮਾਜ ਵਿਗਿਆਨ ਵਿਸ਼ੇ ਜਿਵੇਂ ਮਨੁੱਖੀ ਅਧਿਕਾਰ, ਲੋਕ ਪ੍ਰਸ਼ਾਸਨ, ਸਮਾਜ ਕਾਰਜ ਆਦਿ ਵਿਕਾਸਸ਼ੀਲ/ਜਵਾਨ ਪੜਾਅ 'ਤੇ ਹਨ। ਸਮਾਜ ਵਿਗਿਆਨ ਦੇ ਵਿਸ਼ੇ ਨਿਮਨ ਤਿੰਨ ਸ਼ਾਖਾਵਾਂ/ਸਿਰਲੇਖਾਂ ਤਹਿਤ ਵਰਗੀਕ੍ਰਿਤ ਕੀਤੇ ਜਾ ਸਕਦੇ ਹਨ।

**ਸ਼ੁੱਧ ਸਮਾਜ ਵਿਗਿਆਨ :** ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਇਤਿਹਾਸ, ਕਾਨੂੰਨ ਵਿਗਿਆਨ, ਕਾਨੂੰਨ, ਸਮਾਜ ਸ਼ਾਸਤਰ, ਲੋਕ ਪ੍ਰਸ਼ਾਸਨ, ਸਮਾਜ ਕਾਰਜ, ਮਨੁੱਖੀ ਅਧਿਕਾਰ, ਮਾਨਵ ਵਿਗਿਆਨ ਆਦਿ।

**ਅਰਧ ਸਮਾਜ ਵਿਗਿਆਨ :** ਨੀਤੀ ਸ਼ਾਸਤਰ, ਸਿੱਖਿਆ, ਦਰਸ਼ਨ ਸ਼ਾਸਤਰ, ਮਨੋਵਿਗਿਆਨ ਆਦਿ।

**ਸਮਾਜਕ ਭਾਵ ਅਰਥ ਨਾਲ ਵਿਗਿਆਨ :** ਭੂਗੋਲ, ਜੀਵ ਵਿਗਿਆਨ, ਔਸ਼ਧੀ, ਬਹੁਭਾਸ਼ਾ, ਲਾਇਬਰੇਰੀ ਵਿਗਿਆਨ ਆਦਿ।

## 1.5.2 ਸਕੂਲ ਪੱਧਰ 'ਤੇ ਸਮਾਜ ਵਿਗਿਆਨ ਦੇ ਦਿਸ਼ਾਤਮਕ ਸੰਘਟਕ

ਇਹ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ ਕਿ ਸਕੂਲ ਪੱਧਰੀ ਸਮਾਜਕ ਅਧਿਐਨ (ਜਾਂ ਸਮਾਜ ਵਿਗਿਆਨ) ਪਾਠਕ੍ਰਮ ਆਪਣੇ ਵਿਸ਼ਾ ਵਸਤੂ ਦੀ ਚੋਣ ਬਹੁ ਗਿਣਤੀ ਦੇ ਸਮਾਜ ਵਿਗਿਆਨ ਤੋਂ ਚੋਣ ਕਰਦਾ ਹੈ। ਅਜਿਹੀ ਚੁਣੀ ਹੋਈ ਵਿਸ਼ਾ ਵਸਤੂ ਸਕੂਲੀ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਸਮਾਜਕ ਅਧਿਐਨ (ਜਾਂ ਸਮਾਜ ਵਿਗਿਆਨ) ਇਕਹਿਰੀ ਅਤੇ ਏਕੀਕ੍ਰਿਤ ਸਮਾਜਕ ਅਧਿਐਨ ਦੀ ਛਤਰੀ ਹੇਠ ਦੇ ਕੁਝ ਵਿਸ਼ਾ ਖੇਤਰਾਂ, ਜਿਵੇਂ ਕਿ ਭੂਗੋਲ, ਇਤਿਹਾਸ ਆਦਿ ਵਿੱਚ ਸੰਗਠਤ ਕੀਤੇ ਜਾਂਦੇ ਹਨ। ਸੀ ਬੀ ਐੱਸ ਈ ਦਾ ਵਰਤਮਾਨ ਸਮਾਜ ਵਿਗਿਆਨ ਪਾਠਕ੍ਰਮ (ਐੱਨ ਸੀ ਈ ਆਰ ਟੀ ਵੱਲੋਂ ਪ੍ਰਕਾਸ਼ਤ),

ਨੋਟ

ਜਿਹੜਾ ਕਿ ਉੱਪਰੀ ਪ੍ਰਾਇਮਰੀ ਸਕੂਲ ਪੱਧਰ ਲਈ ਹੈ, ਤਿੰਨ ਵਿਸ਼ਾ ਖੇਤਰਾਂ, ਭਾਵ ਇਤਿਹਾਸ, ਭੂਗੋਲ ਅਤੇ ਸਮਾਜਕ ਅਤੇ ਰਾਜਨੀਤਕ ਜੀਵਨ (ਐੱਸ ਪੀ ਐੱਲ) ਨੂੰ ਸੰਮਿਲਤ ਕਰਦਾ ਹੈ। ਉੱਪਰੀ ਪ੍ਰਾਇਮਰੀ ਪੜਾਅ 'ਤੇ ਸਮਾਜ ਵਿਗਿਆਨ ਪਾਠਕ੍ਰਮ ਸੰਬੰਧੀ ਕੁਝ ਹੋਰ ਵੇਰਵੇ ਇਸ ਕੋਰਸ ਦੀਆਂ ਆਉਣ ਵਾਲੀਆਂ ਇਕਾਈਆਂ ਵਿੱਚ ਉਪਲੱਬਧ ਕੀਤਾ ਜਾਵੇਗਾ। ਇਸੇ ਤਰ੍ਹਾਂ ਸੀ ਬੀ ਐੱਸ ਈ ਦੇ ਵਰਤਮਾਨ ਸਮਾਜ ਵਿਗਿਆਨ ਪਾਠਕ੍ਰਮ (ਐੱਨ ਸੀ ਈ ਆਰ ਟੀ) ਵੱਲੋਂ ਪ੍ਰਕਾਸ਼ਤ ਜਿਹੜਾ ਕਿ ਵਿਸ਼ਾ ਖੇਤਰਾਂ ਨੂੰ ਸੰਮਿਲਤ ਕਰਦਾ ਹੈ ਭਾਵ; ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ ਅਤੇ ਅਰਥ ਸ਼ਾਸਤਰ ਅਤੇ ਜਿਹੜਾ ਸੈਕੰਡਰੀ ਸਕੂਲ ਪੱਧਰ 'ਤੇ ਹੈ। ਹਾਇਰ ਸੈਕੰਡਰੀ ਪੱਧਰ 'ਤੇ ਵੱਡੀ ਗਿਣਤੀ ਵਿੱਚ ਸਮਾਜ ਵਿਗਿਆਨ ਦੇ ਵਿਸ਼ੇ ਜਿਵੇਂ ਇਤਿਹਾਸ, ਰਾਜਨੀਤੀ ਸ਼ਾਸਤਰ, ਮਾਨਵ ਵਿਗਿਆਨ, ਸਮਾਜ ਸ਼ਾਸਤਰ ਆਦਿ ਨੂੰ ਵਿਸ਼ੇਸ਼ੀਕ੍ਰਿਤ/ਸੁਤੰਤਰ ਵਿਸ਼ਿਆਂ ਦੇ ਤੌਰ 'ਤੇ ਪੜ੍ਹਾਇਆ ਜਾਂਦਾ ਹੈ। ਚਿੱਤਰ 1.2 ਤੁਹਾਨੂੰ ਉੱਪਰੀ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਪੜਾਅ ਉੱਪਰ ਸਮਾਜ ਵਿਗਿਆਨ ਦੇ ਦਿਸ਼ਾਤਮਕ/ਵਿਸ਼ੇ/ਸੰਘਟਕ ਪੇਸ਼ ਕਰਦਾ ਹੈ।





ਨੋਟ

**ਚਿੱਤਰ 1.2 : ਉੱਪਰੀ ਪ੍ਰਾਇਮਰੀ ਅਤੇ ਸੈਕੰਡਰੀ ਪੜਾਅ ’ਤੇ ਸਮਾਜ ਵਿਗਿਆਨ ਦਿਸ਼ਾਤਮਕ ਵਿਸ਼ੇ/ਸੰਘਟਕ**

## ਆਪਣੀ ਪ੍ਰਗਤੀ ਦੀ ਪਰਖ ਕਰੋ–4

ਪ੍ਰਸ਼ਨ : ਤਿੰਨ ਸ਼ਰਤਾਂ ਲਿੱਖੋ ਜਿਹੜੀਆਂ ਇੱਕ ਅਧਿਐਨ ਦਾ ਖੇਤਰ ਚਿਤਰਤ ਕਰਦੀਆਂ ਹਨ? ਉਨ੍ਹਾਂ ਪੰਜ ਵਿਸ਼ਿਆਂ ਦੇ ਨਾਂਅ ਲਿੱਖੋ ਜਿਨ੍ਹਾਂ ਨੂੰ ਆਮਤੌਰ ’ਤੇ ਸਮਾਜ ਵਿਗਿਆਨ ਅਧੀਨ ਵਿਚਾਰਿਆ ਜਾਂਦਾ ਹੈ?

(ਨੋਟ : ਆਪਣਾ ਉੱਤਰ ਹੇਠਾਂ ਦਿੱਤੇ ਸਥਾਨ ਵਿੱਚ ਲਿੱਖੋ ਅਤੇ ਆਪਣੇ ਉੱਤਰ ਦੀ ਇਕਾਈ ਦੇ ਅੰਤ ਵਿੱਚ ਦਿੱਤੇ ਗਏ ਨਮੂਨਾ ਉੱਤਰ ਨਾਲ ਮਿਲਾਣ ਕਰੋ)

## 1.6 ਸਮਾਜ ਵਿਗਿਆਨ ਵਿੱਚ ਅੰਤਰ ਅਨੁਸ਼ਾਸਨੀ ਅਤੇ ਅਨੁਕੂਲਨ ਪਰਿਪੇਖ

ਕਿਉਂਕਿ ਗਿਆਨ ਨੂੰ ਸਮੱਗਰ ਢੰਗ ਵਿੱਚ ਵੰਡਿਆ ਨਹੀਂ ਜਾ ਸਕਦਾ, ਇੱਕਲਾ ਵਿਸ਼ਾ ਜਾਂ ਅਧਿਐਨ ਦਾ ਖੇਤਰ ਪੂਰੀ ਤਰ੍ਹਾਂ ਸਵੈ-ਸਮਰੱਥ ਜਾਂ ਸੁਤੰਤਰ ਵਾਂਗ ਨਹੀਂ ਵਰਤਾਰਾ ਕੀਤਾ ਜਾ ਸਕਦਾ। ਇਸ ਇਕਾਈ ਦੇ ਪੂਰਵਲੇ ਭਾਗ ਵਿੱਚ ਤੁਸੀਂ ਸਿੱਖਿਆ ਕਿ ਵਿਸ਼ਿਆਂ ਅਤੇ ਨਾਲ ਹੀ ਅਧਿਐਨ ਦੇ ਖੇਤਰਾਂ ਵਿਚਕਾਰ ਕਿਰਿਆਤਮਕ ਸੰਬੰਧ ਹੈ। ਸਮਾਜ ਵਿਗਿਆਨ ਦੇ ਖੇਤਰ ਦਾ ਹਮੇਸ਼ਾ ਅਧਿਐਨ ਦੇ ਹੋਰਨਾਂ ਖੇਤਰਾਂ ਨਾਲ ਕਿਰਿਆਤਮਕ ਸੰਬੰਧ ਰਿਹਾ ਹੈ। ਇਸੇ ਤਰ੍ਹਾਂ ਭਿੰਨ ਸਮਾਜ ਵਿਗਿਆਨ ਦੇ ਵਿਸ਼ਿਆਂ ਦਾ ਆਪਸ ਵਿੱਚ ਅਤੇ ਨਾਲ ਹੀ ਅਧਿਐਨ ਦੇ ਹੋਰਨਾਂ ਖੇਤਰਾਂ ਦੇ ਭਿੰਨ ਵਿਸ਼ਿਆਂ ਨਾਲ ਕਿਰਿਆਤਮਕ ਸੰਬੰਧ ਹੈ। ਆਓ ਅਸੀਂ ਸਮਾਜ ਵਿਗਿਆਨ ਵਿੱਚ ਅੰਤਰ ਅਨੁਸ਼ਾਸਨੀ ਅਤੇ ਸੰਘਟਕ ਪਰਿਪੇਖਾਂ ਦਾ ਵਿਸ਼ਲੇਸ਼ਣ ਕਰੀਏ।

### 1.6.1 ਸਮਾਜ ਵਿਗਿਆਨ ਵਿੱਚ ਅੰਤਰ ਅਨੁਸ਼ਾਸਨੀ ਪਰਿਪੇਖ

ਸਮਾਜ ਵਿਗਿਆਨ ਦੇ ਵਿਸ਼ੇ ਪ੍ਰਕਿਰਤੀ ਵਿੱਚ ਅੰਤਰ ਅਨੁਸ਼ਾਸਨੀ ਹਨ। ਸਮਾਜ ਵਿਗਿਆਨ ਦੇ ਖੇਤਰ ਵਿੱਚ ਇੱਕ ਵਿਸ਼ਾ ਸਮਾਜ ਵਿਗਿਆਨ ਦੇ ਉਸੇ ਖੇਤਰ ਦੇ ਹੋਰਨਾਂ ਵਿਸ਼ਿਆਂ ਨਾਲ ਅਤੇ ਨਾਲ ਹੀ ਕਈ ਹੋਰ ਖੇਤਰਾਂ ਜਿਵੇਂ ਭੌਤਿਕ ਵਿਗਿਆਨ, ਭਾਸ਼ਾ ਅਧਿਐਨ, ਜੀਵ ਵਿਗਿਆਨ ਆਦਿ ਦੇ ਵਿਸ਼ਿਆਂ ਨਾਲ ਸੰਬੰਧ ਰੱਖਦਾ ਹੈ। ਇਸ ਸੰਬੰਧ ਨੂੰ ਸਪਸ਼ਟ ਕਰਨ ਲਈ ਮਿਸਾਲਾਂ ਦਿੱਤੀਆਂ ਗਈਆਂ ਹਨ। ਆਓ ਅਸੀਂ ਸਮਾਜ ਵਿਗਿਆਨ ਵਿਸ਼ੇ ‘ਇਤਿਹਾਸ’ ਦੀ ਪ੍ਰਕਿਰਤੀ ਦਾ ਵਿਸ਼ਲੇਸ਼ਣ ਕਰੀਏ। ਇਤਿਹਾਸ ਦਾ

ਨੋਟ

ਵਿਸ਼ਾ ਪ੍ਰਕਿਰਤੀ ਵਿੱਚ ਅੰਤਰ ਅਨੁਸ਼ਾਸਨੀ ਹੈ, ਕਿਉਂਕਿ ਜਦੋਂ ਅਸੀਂ ਇਤਿਹਾਸ ਦਾ ਅਧਿਐਨ ਕਰਦੇ ਹਾਂ, ਅਸੀਂ ਕਈ ਹੋਰ ਸਮਾਜ ਵਿਗਿਆਨ ਦੇ ਵਿਸ਼ੇ, ਜਿਵੇਂ ਕਿ ਆਰਥਕ ਇਤਿਹਾਸ, ਰਾਜਨੀਤਕ ਇਤਿਹਾਸ, ਮਨੋਵਿਗਿਆਨ ਦਾ ਇਤਿਹਾਸ, ਸਮਾਜ ਸ਼ਾਸਤਰ ਦਾ ਇਤਿਹਾਸ, ਧਾਰਮਿਕ ਇਤਿਹਾਸ ਆਦਿ ਦਾ ਇਤਿਹਾਸ ਵੀ ਪੜ੍ਹਦੇ ਹਾਂ। ਇਸ ਤੋਂ ਵੱਧ ਕੇ ਕਈ ਗੈਰ-ਸਮਾਜ ਵਿਗਿਆਨ ਵਿਸ਼ੇ ਜਿਵੇਂ ਕਿ ਭੌਤਿਕ ਵਿਗਿਆਨ ਦਾ ਇਤਿਹਾਸ, ਭਿੰਨ ਭਾਸ਼ਾਵਾਂ ਦਾ ਇਤਿਹਾਸ ਆਦਿ ਦਾ ਇਤਿਹਾਸ ਵੀ ਇਤਿਹਾਸ ਦਾ ਭਾਗ ਨਿਰਮਤ ਕਰਦੇ ਹਨ। ਇਸੇ ਤਰ੍ਹਾਂ ਸਮਾਜ ਵਿਗਿਆਨ ਵਿਸ਼ੇ 'ਸਮਾਜ ਸ਼ਾਸਤਰ' ਨਾਲ ਸੰਬੰਧਤ ਮੁੱਦਿਆਂ ਨੂੰ ਅਰਥ ਸ਼ਾਸਤਰ, ਸਿੱਖਿਆ, ਰਾਜਨੀਤੀ, ਵਿਗਿਆਨਕ ਵਿਕਾਸ, ਭਾਸ਼ਾ ਅਤੇ ਸਾਹਿਤ ਆਦਿ ਨੂੰ ਵਿਚਾਰਿਆਂ ਬਗੈਰ ਅਧਿਐਨ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਇਤਿਹਾਸ ਅਤੇ ਸਮਾਜ ਸ਼ਾਸਤਰ ਵਾਂਗ ਸਮਾਜ ਵਿਗਿਆਨ ਦਾ ਹਰੇਕ ਵਿਸ਼ਾ ਅਧਿਐਨ ਦੇ ਉਸੇ ਖੇਤਰ ਅੰਦਰ (ਭਾਵ; ਸਮਾਜ ਵਿਗਿਆਨ ਦਾ ਖੇਤਰ), ਨਾਲ ਹੀ ਹੋਰਨਾਂ ਖੇਤਰਾਂ ਦੇ ਵਿਸ਼ਿਆਂ ਨਾਲ (ਭਾਵ ਭੌਤਿਕ ਵਿਗਿਆਨ, ਗਣਿਤ, ਜੀਵ ਵਿਗਿਆਨ ਆਦਿ) ਅੰਤਰ ਨਿਰਭਰਤਾ ਅਤੇ ਅੰਤਰ ਸੰਬੰਧਨ ਰੱਖਦਾ ਹੈ। ਪ੍ਰੰਤੂ ਸਮਾਜ ਵਿਗਿਆਨ ਦਾ ਇੱਕ ਵਿਸ਼ਾ ਆਪਣੇ ਅਧਿਐਨ ਦੇ ਖੇਤਰ ਅੰਦਰ ਹੋਰਨਾਂ ਵਿਸ਼ਿਆਂ ਨਾਲ ਵਧੇਰੇ ਸੰਬੰਧਨ ਰੱਖਦਾ ਹੈ। ਜਦਕਿ ਇਹ ਅਧਿਐਨ ਦੇ ਹੋਰਨਾਂ ਖੇਤਰਾਂ ਦੇ ਵਿਸ਼ਿਆਂ ਨਾਲ ਤੁਲਨਾਤਮਕ ਘੱਟ ਸੰਬੰਧਨ ਰੱਖਦਾ ਹੈ। ਚਿੱਤਰ 1.3 ਸਮਾਜ ਵਿਗਿਆਨ ਵਿਸ਼ੇ 'ਕਾਨੂੰਨ' ਦੀ ਹੋਰਨਾਂ ਵਿਸ਼ਿਆਂ ਉੱਪਰ ਅੰਤਰ ਨਿਰਭਰਤਾ ਪੇਸ਼ ਕਰਦਾ ਹੈ।




**ਚਿੱਤਰ 1.3 ਸਮਾਜ ਵਿਗਿਆਨ ਵਿਸ਼ੇ 'ਕਾਨੂੰਨ' ਦੀ ਹੋਰਨਾਂ ਵਿਸ਼ਿਆਂ ਉੱਪਰ ਅੰਤਰਨਿਰਭਰਤਾ।**

## 1.6.2 ਸਮਾਜ ਵਿਗਿਆਨ ਵਿੱਚ ਅਨੁਕੂਲਨ ਪਰਿਪੇਖ

ਕਿਉਂਕਿ ਗਿਆਨ ਦਾ ਸਮੱਗਰ ਵਿਖੰਡਨ/ਵੰਡ ਅਸੰਭਵ ਹੈ। ਬਿਹਤਰ ਹੈ ਕਿ ਪਾੜ੍ਹਿਆਂ ਨੂੰ ਇੱਕ ਏਕਾਤਮਕ ਸ਼ੈਲੀ ਵਿੱਚ ਗਿਆਨ ਪਹੁੰਚਾਇਆ ਜਾਵੇ। ਇਸ ਲਈ ਸਕੂਲ ਪੱਧਰ 'ਤੇ ਸਮਾਜ ਵਿਗਿਆਨ ਪਾਠਕ੍ਰਮ ਨਾਲ ਕਾਰ ਵਿਹਾਰ ਕਰਦਿਆਂ, ਇਸ ਨੂੰ ਲਾਜ਼ਮੀ ਤੌਰ 'ਤੇ ਏਕਾਤਮਕ ਸ਼ੈਲੀ ਵਿੱਚ ਕਾਰ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਆਓ ਅਸੀਂ ਹੁਣ ਇੱਕ ਮਿਸਾਲ ਨਾਲ ਸਮਝੀਏ ਕਿ



ਨੋਟ

ਸਮਾਜ ਵਿਗਿਆਨ ਦੇ ਵਿਸ਼ੇ ਕਿਵੇਂ ਪ੍ਰਕਿਰਤੀ ਵਿੱਚ ਅੰਤਰ ਅਨੁਸ਼ਾਸਨੀ ਅਤੇ ਏਕੀਕ੍ਰਿਤ ਹਨ। ਭੋਜਨ, ਕੱਪੜੇ, ਪਨਾਹ, ਆਵਾਜਾਈ, ਸੰਚਾਰਣ ਆਦਿ ਸਕੂਲ ਪੱਧਰ 'ਤੇ ਸਮਾਜ ਵਿਗਿਆਨ ਪਾਠਕ੍ਰਮ ਦੇ ਸਾਂਝੇ ਸਿਖਲਾਈ ਸੰਕਲਪ ਹਨ। ਸੰਕਲਪ ਭੋਜਨ ਨੂੰ ਲਓ। 'ਭੋਜਨ ਨੂੰ ਨਿਮਨ ਢੰਗ ਨਾਲ ਭਿੰਨ ਖੇਤਰਾਂ ਦੇ ਵਿਸ਼ਿਆਂ ਨਾਲ ਸਹਿ-ਸੰਬੰਧਤ ਕੀਤਾ ਜਾ ਸਕਦਾ ਹੈ।' ਭੋਜਨ ਦਾ ਉਤਪਾਦਨ, ਮਾਰਕੀਟਿੰਗ, ਖਪਤ ਆਦਿ ਅਰਥ ਸ਼ਾਸਤਰ ਨਾਲ ਸੰਬੰਧਤ ਹਨ; ਭੋਜਨ ਸ਼ੈਲੀ, ਭੋਜਨ ਦੀਆ ਰੀਤਾਂ, ਭੋਜਨ ਆਦਿ ਕਾਰਣ ਪਰਿਵਾਰ ਅਤੇ ਸਮਾਜ ਵਿੱਚ ਪੈਦਾ ਹੋਈ ਗਲਤਫਹਿਮੀ, ਸਭ ਸਮਾਜ ਸ਼ਾਸਤਰ ਨਾਲ ਸੰਬੰਧਤ ਹਨ ਵੰਡ, ਬਜਟ, ਭੋਜਨ ਦੀਆਂ ਵੱਧ-ਘੱਟ ਰਹੀਆਂ ਦਰਾਂ ਰਾਜਨੀਤੀ ਵਿਗਿਆਨ ਨਾਲ ਸੰਬੰਧਤ ਹਨ, ਭਿੰਨ ਕਾਲਾਂ ਦੌਰਾਨ ਭੋਜਨ ਨਾਲ ਸੰਬੰਧਤ ਮੁੱਦੇ ਭਿੰਨ ਕਾਲਾਂ ਵਿੱਚ ਉਪਲੱਬਧ ਭੋਜਨ ਦੀਆਂ ਕਿਸਮਾਂ ਆਦਿ ਇਤਿਹਾਸ ਨਾਲ ਸੰਬੰਧਤ ਹਨ, ਭਿੰਨ ਜ਼ਾਇਕੇ ਦੇ ਭੋਜਨਾਂ ਦੀ ਤਿਆਰੀ, ਭੋਜਨ ਨਾਲ ਸੰਬੰਧਤ ਹਾਈਜੈਨਿਕ ਆਦਤਾਂ ਦੀ ਸੰਭਾਲ, ਗ੍ਰਹਿ ਵਿਗਿਆਨ ਨਾਲ ਸੰਬੰਧਤ ਹਨ : ਭੋਜਨ ਦੀ ਮਾਤਰਾਤਮਕਤਾ ਵੰਡ, ਭਾਗ ਆਦਿ ਗਣਿਤ ਨਾਲ ਸੰਬੰਧਤ ਹਨ, ਭੋਜਨ ਵਿੱਚ ਉਪਲੱਬਧ ਵਿਟਾਮਿਨ ਅਤੇ ਪੋਸ਼ਣ, ਖੁਰਾਕ ਮਦਾਂ ਦਾ ਉਨ੍ਹਾਂ ਦੇ ਪੋਸ਼ਣ ਤੱਤਾਂ ਮੁਤਾਬਕ ਵਰਗੀਕਰਣ ਜੀਵਨ ਵਿਗਿਆਨ ਨਾਲ ਸੰਬੰਧਤ ਹਨ। ਸਵੱਛਤਾ, ਸਫਾਈ, ਆਹਾਰ ਦਾ ਸੰਤੁਲਨ ਆਦਿ ਸਿਹਤ ਅਤੇ ਹਾਈਜੀਨ ਨਾਲ ਸੰਬੰਧਤ ਹੈ। ਫੂਡ ਪ੍ਰੋਸੈਸਿੰਗ ਨਾਲ ਸੰਬੰਧਤ ਬਿਜਲੀ ਦੇ ਉਪਕਰਣ, ਜਿਵੇਂ ਕਿ ਭੋਜਨ ਦੀ ਪ੍ਰਕਿਰਿਆ (ਅਮਲ) ਲਈ ਲੋੜੀਂਦਾ ਤਾਪ, ਭੋਜਨ ਦੀ ਪ੍ਰਕਿਰਿਆ ਲਈ ਮਾਈਕਰੋਵੇਵ ਦੀ ਵਰਤੋਂ, ਭੋਜਨ ਦਾ ਜਮਾਊ ਆਦਿ ਭੌਤਿਕ ਵਿਗਿਆਨ ਨਾਲ ਸੰਬੰਧਤ ਹੈ। ਖੁਰਾਕ ਮਦਾਂ ਦਾ ਰਸਾਇਣਕ ਬੰਧਣ, ਰਸਾਇਣਾਂ ਆਦਿ ਦੀ ਵਰਤੋਂ ਨਾਲ ਖੁਰਾਕ ਸੰਭਾਲ ਆਦਿ ਰਸਾਇਣ ਵਿਗਿਆਨ ਨਾਲ ਸੰਬੰਧਤ ਹੈ। ਭੋਜਨ ਦੇ ਭਿੰਨ ਵਰਗਾਂ ਦੇ ਉਤਪਾਦਨ ਲਈ ਲੋੜੀਂਦੀ ਮਿੱਟੀ ਦੀ ਕਿਸਮ, ਭੋਜਨ ਦੀਆਂ ਕਿਸਮਾਂ ਲਈ ਸਹਾਈ ਵਾਤਾਵਰਣ ਆਦਿ ਭੂਗੋਲ ਨਾਲ ਸੰਬੰਧਤ ਹੈ ਅਤੇ ਕਵਿਤਾਵਾਂ, ਕਹਾਣੀਆਂ, ਸ਼ਬਦ ਸੰਗ੍ਰਹਿ ਲੇਖ ਆਦਿ ਜਿਹੜੇ ਭੋਜਨ ਆਦਿ 'ਤੇ ਆਧਾਰਤ ਹੋਣ ਭਾਸ਼ਾ ਅਤੇ ਸਾਹਿਤ ਨਾਲ ਸੰਬੰਧਤ ਹਨ। ਇਸ ਢੰਗ ਨਾਲ ਸੰਕਲਪਨ 'ਭੋਜਨ' ਕਈ ਹੋਰ ਸਿਖਲਾਈ ਖੇਤਰ ਅਤੇ ਵਿਸ਼ਿਆਂ ਨਾਲ ਸੰਬੰਧਤ ਹੋ ਸਕਦਾ ਹੈ। 'ਭੋਜਨ' ਦੇ ਸੰਕਲਪ ਵਾਂਗ ਸਮਾਜ ਵਿਗਿਆਨ ਦੇ ਕਈ ਹੋਰ ਸੰਕਲਪ ਅਧਿਆਪਨ-ਸਿਖਲਾਈ ਅਤੇ ਕਈ ਹੋਰ ਮੰਤਵਾਂ ਅਧਿਆਪਨ ਦੇ ਭਿੰਨ ਖੇਤਰਾਂ ਦੇ ਵਿਸ਼ਿਆਂ ਨਾਲ ਸੰਘਟਤ ਕੀਤੇ ਜਾ ਸਕਦੇ ਹਨ। ਆਓ ਅਸੀਂ ਇੱਕ ਗਤੀਵਿਧੀ ਨਾਲ ਗਿਆਨ ਅਤੇ ਸਿਖਲਾਈ ਦੇ ਅਨੁਕੂਲਣ ਨੂੰ ਸਮਾਜ ਵਿਗਿਆਨ ਵਿੱਚ ਜਾਣੀਏ।

## ਸਮਾਜ ਵਿਗਿਆਨ ਵਿੱਚ ਗਿਆਨ ਦੇ ਅਨੁਕੂਲਣ ਨੂੰ ਉਲੇਖ ਕਰਦੀ ਗਤੀਵਿਧੀ

ਇਹ ਇੱਕ ਕਲਾਸਰੂਮ ਆਧਾਰਤ ਗਤੀਵਿਧੀ ਹੈ ਜਿਹੜੀ ਕਿ ਉੱਪਰੀ ਪ੍ਰਾਇਮਰੀ ਸਕੂਲ ਪੱਧਰ 'ਤੇ ਸਮਾਜ ਵਿਗਿਆਨ ਪਾਠਕ੍ਰਮ ਖੇਤਰ ਵਿੱਚ ਗਿਆਨ ਅਤੇ ਸਿਖਲਾਈ ਦੇ ਅਨੁਕੂਲਣ ਨੂੰ ਉਲੇਖ ਕਰਦੀ ਹੈ। ਇਸ ਗਤੀਵਿਧੀ ਵਿੱਚ ਛੇਵੀਂ ਜਮਾਤ ਦੇ ਸਮਾਜ ਵਿਗਿਆਨ ਪਾਠਕ੍ਰਮ ਦੇ ਭੂਗੋਲ ਦਿਸ਼ਾਤਮਕ ਖੇਤਰ ਤੋਂ ਸੰਕਲਪਨ 'ਜੰਗਲਾਤ' ਨੂੰ ਪਾੜ੍ਹਿਆਂ ਨੂੰ ਅੰਤਰ ਅਨੁਸ਼ਾਸਨ ਅਤੇ ਅਨੁਕੂਲਣ ਗਿਆਨ ਉਪਲੱਬਧ ਕਰਨ ਵਾਸਤੇ ਲਈ ਗਈ ਹੈ। ਗਤੀਵਿਧੀ ਰੂਪਰੇਖਾ, ਗਤੀਵਿਧੀ ਪ੍ਰਕਿਰਿਆ ਅਤੇ ਗਤੀਵਿਧੀ ਆਧਾਰਤ ਕਾਰਜ ਸੰਬੰਧਤ ਵੇਰਵੇ ਹੇਠਾਂ ਦਿੱਤੇ ਗਏ ਹਨ –

### ੳ. ਗਤੀਵਿਧੀ ਰੂਪਰੇਖਾ

ਜਮਾਤ : ਛੇਵੀਂ

ਨੋਟ

| | |
|---|---|
| ਸਿਖਲਾਈ ਦੇ ਵਿਸ਼ੇ | :ਸਮਾਜ ਵਿਗਿਆਨ ਪਾਠਕ੍ਰਮ |
| ਸਿਖਲਾਈ ਖੇਤਰ | : ਭੂਗੋਲ ਅਤੇ ਸਮਾਜ ਵਿਗਿਆਨ ਪਾਠਕ੍ਰਮ |
| ਸਿਖਲਾਈ ਵਿਸ਼ਾ | : ਜੰਗਲਾਤ |
| ਸਿਖਲਾਈ ਦਾ ਮੰਤਵ | : 'ਸੰਕਲਪਨ ਜੰਗਲਾਤ' ਨਾਲ ਸੰਬੰਧਤ ਅਨੁਕੂਲਣ ਗਿਆਨ ਨੂੰ ਪ੍ਰੋਤਸਾਹਨ ਦੇਣਾ |
| ਲੋੜੀਂਦੀ ਸਾਮੱਗਰੀ | : ਜੰਗਲਾਤਾਂ ਨਾਲ ਸੰਬੰਧਤ ਪੋਸਟਰ |
| ਸਿਖਲਾਈ ਵਿਧੀ | : ਪੋਸਟਰ ਪ੍ਰਦਰਸ਼ਨ |
| ਸਿਖਲਾਈ ਦਾ ਮੋਡ | : ਵਿਅਕਤੀਗਤ |

## ਅ. ਗਤੀਵਿਧੀ ਪ੍ਰਕਿਰਿਆ

ਇਸ ਗਤੀਵਿਧੀ ਵਿੱਚ ਅਧਿਆਪਕ ਪਾੜ੍ਹਿਆਂ ਨੂੰ ਨਿਮਨ ਢੰਗ ਨਾਲ ਸੰਕਲਪਨ 'ਜੰਗਲਾਤ' ਨਾਲ ਸੰਬੰਧਤ ਗਿਆਨ ਨੂੰ ਪ੍ਰੋਤਸਾਹਨ ਦੇਣ ਲਈ ਸੇਧ ਦੇਵੇਗਾ। ਪਿਆਰੇ ਵਿਦਿਆਰਥੀਓ, ਹੇਠਾਂ ਸੰਕਲਪਨ 'ਜੰਗਲਾਤ' ਨਾਲ ਸੰਬੰਧਤ ਦੋ ਪੋਸਟਰ (ਜਾਂ ਪੋਸਟਰਾਂ ਦੀਆਂ ਤਸਵੀਰਾਂ) ਦਿੱਤੇ ਗਏ ਹਨ। ਦੋਹਾਂ ਪੋਸਟਰਾਂ ਵਿੱਚੋਂ ਪਹਿਲੇ ਨੂੰ ਵਿਸ਼ਾ 'ਕਾਨੂੰਨ' ਅਤੇ ਦੂਜੇ ਨੂੰ ਵਿਸ਼ਾ 'ਜੀਵਨ ਵਿਗਿਆਨ' ਨਾਲ ਜੋੜਿਆ ਜਾ ਸਕਦਾ ਹੈ। ਆਓ ਅਸੀਂ ਵਿਸ਼ਲੇਸ਼ਣ ਕਰੀਏ ਕਿ ਕਿਉਂ ਪਹਿਲਾ ਕਾਨੂੰਨ ਨਾਲ ਅਤੇ ਦੂਜਾ 'ਜੀਵਨ ਵਿਗਿਆਨ' ਨਾਲ ਜੋੜਿਆ ਜਾ ਸਕਦਾ ਹੈ।

### ਪੋਸਟਰ – 1

**ਸੰਕਲਪਨ 'ਜੰਗਲਾਤ' ਅਤੇ ਇਸ ਦੇ 'ਕਾਨੂੰਨ' 'ਕਾਨੂੰਨ' ਨਾਲ**

**ਨਾਲ ਸੰਬੰਧ ਨੂੰ ਦਰਸਾਉਂਦਾ ਪੋਸਟਰ**



**ਇਹ ਪੋਸਟਰ ਕਿਉਂ ਵਿਸ਼ਾ**

**ਜੋੜਿਆ ਜਾ ਸਕਦਾ ਹੈ?**

ਕਈ ਮਾਮਲਿਆਂ ਵਿੱਚ ਜੰਗਲਾਂ ਦੀ ਕਟਾਈ 'ਤੇ ਰੋਕ ਹੈ। ਇੱਕ ਵਿਅਕਤੀ ਜਿਹੜਾ ਜੰਗਲਾਂ ਦੀ ਕਟਾਈ ਕਰਦਾ ਹੈ, ਅਦਾਲਤ ਵੱਲੋਂ ਸਜ਼ਾ ਦਿੱਤੀ ਜਾਂਦੀ ਹੈ। ਪੋਸਟਰ ਵੇਖੋ ਇੱਕ ਵਿਅਕਤੀ ਨੂੰ ਜੰਗਲ ਦੀ ਕਟਾਈ ਕਾਰਣ ਸਜ਼ਾ ਲਈ ਜੇਲ੍ਹ ਲਿਜਾਇਆ ਜਾ ਰਿਹਾ

ਨੋਟ

ਹੈ। ਕਿਉਂਕਿ ਸਜ਼ਾ ਨੂੰ 'ਕਾਨੂੰਨ' ਵਿਸ਼ੇ 'ਚ ਅਧਿਐਨ ਕੀਤਾ ਜਾਂਦਾ ਹੈ। ਇਸ ਲਈ ਇਸ ਪੋਸਟਰ ਨੂੰ ਵਿਸ਼ਾ 'ਕਾਨੂੰਨ' ਨਾਲ ਜੋੜਿਆ ਜਾ ਸਕਦਾ ਹੈ, ਜੰਗਲ ਕੱਟੋ, ਜੇਲ੍ਹ ਜਾਓ।

## ਪੋਸਟਰ -2

**ਸੰਕਲਪਨ 'ਜੰਗਲਾਤ' ਨੂੰ ਦਰਸਾਉਂਦਾ ਪੋਸਟਰ।**
**'ਜੀਵਨ ਵਿਗਿਆਨ'**
**ਸਕਦਾ ਹੈ?**

**ਇਸ ਪੋਸਟਰ ਨੂੰ ਵਿਸ਼ਾ ਨਾਲ ਕਿਉਂ ਜੋੜਿਆ ਜਾ**



ਜੰਗਲ ਜੀਵਨ ਹੈ

ਹਵਾ, ਪਾਣੀ ਆਦਿ ਜੀਵਨ ਦੀਆਂ ਬੁਨਿਆਦੀ ਲੋੜਾਂ ਹਨ। ਹਵਾ ਅਤੇ ਪਾਣੀ ਵਾਂਗ ਜੰਗਲ ਵੀ ਜੀਵਨ ਲਈ ਅਨਿਵਾਰੀ ਹਨ, ਕਿਉਂਕਿ ਜੰਗਲਾਂ ਤੋਂ ਅਸੀਂ ਆਕਸੀਜਨ ਪ੍ਰਾਪਤ ਕਰਦੇ ਹਾਂ, ਜਿਹੜਾ ਕਿ ਜੀਵਨ ਦੀਆਂ ਬੁਨਿਆਦੀ ਲੋੜਾਂ ਵਿੱਚ ਆਉਂਦਾ ਹੈ। ਪੋਸਟਰ ਵੱਲ ਵੇਖੋ, ਕਿਵੇਂ ਇੱਕ ਦਰਖਤ (ਜੰਗਲ ਦਾ) ਲੋਕਾਂ ਨੂੰ ਸਾਹ ਲੈਣ ਲਈ ਆਕਸੀਜਨ ਪ੍ਰਦਾਨ ਕਰਦਾ ਹੈ। ਕਿਉਂਕਿ ਜੀਵਨ ਦੀਆਂ ਲੋੜਾਂ ਨੂੰ ਵਿਸ਼ਾ 'ਜੀਵਨ ਵਿਗਿਆਨ' ਉੱਚ ਅਧਿਐਨ ਕੀਤਾ ਜਾਂਦਾ ਹੈ, ਇਸ ਲਈ, ਇਸ ਪੋਸਟਰ ਨੂੰ ਵਿਸ਼ਾ 'ਜੀਵਨ ਵਿਗਿਆਨ' ਨਾਲ ਜੋੜਿਆ ਜਾ ਸਕਦਾ ਹੈ।

ਹਵਾ ਜੀਵਨ ਹੈ

ਜਲ ਜੀਵਨ ਹੈ

ਨੋਟ

ਉਪਰੋਕਤ ਦੋਹਾਂ ਪੋਸਟਰਾਂ ਵਾਂਗ ਸੰਕਲਪਨ 'ਜੰਗਲਾਤ' ਨਾਲ ਸੰਬੰਧਤ ਕਈ ਹੋਰ ਪੋਸਟਰ ਤਿਆਰ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦਾ ਅਧਿਐਨ ਦੇ ਭਿੰਨ ਖੇਤਰਾਂ ਦੇ ਵਿਸ਼ੇ ਨਾਲ ਕਿਰਿਆਤਮਕ ਸੰਬੰਧ ਹੋਵੇ।

## ੲ – ਗਤੀਵਿਧੀ ਆਧਾਰਤ ਸਿਖਲਾਈ ਕਾਰਜ

ਪਾੜ੍ਹਿਆਂ ਲਈ ਹੇਠਾਂ ਕਾਫੀ ਗਿਣਤੀ ਵਿੱਚ ਕਾਰਜ ਦਿੱਤੇ ਗਏ ਹਨ। ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਅਧਿਆਪਕ ਪਾੜ੍ਹਿਆਂ ਨੂੰ ਇਸ ਢੱਗ ਨਾਲ ਸੇਧ ਦੇਵੇਗਾ :

ਪਿਆਰੇ ਵਿਦਿਆਰਥੀਓ, ਹੇਠਾਂ ਤੁਹਾਡੇ ਵਾਸਤੇ ਕੁਝ ਦਿਲਚਸਪ ਕਾਰਜ ਦਿੱਤੇ ਗਏ ਹਨ। ਕਾਰਜ ਨੂੰ ਮੁਕੰਮਲ ਕਰੋ ਅਤੇ ਜਮਾਤ ਵਿੱਚ ਪੇਸ਼ ਕਰਨ ਵਾਸਤੇ ਜਮ੍ਹਾਂ ਕਰੋ।

1) ਸੰਕਲਪਨ 'ਜੰਗਲਾਤ' ਨਾਲ ਸੰਬੰਧਤ ਪੋਸਟਰ ਤਿਆਰ ਕਰੋ ਜਿਨ੍ਹਾਂ ਦਾ ਗਣਿਤ, ਭਾਸ਼ਾ ਅਤੇ ਸਾਧਾਰਣ ਵਿਗਿਆਨ ਦੇ ਵਿਸ਼ਾ ਖੇਤਰਾਂ ਨਾਲ ਕਿਰਿਆਤਮਕ ਸੰਬੰਧ ਹੋਵੇ।

2) ਆਫਤ ਇੱਕ ਸਮਾਜ ਵਿਗਿਆਨ ਸੰਕਲਪਨ ਹੈ। ਵਰਨਣ ਕਰੋ ਕਿ ਇਸ ਸੰਕਲਪਨ ਨੂੰ ਕਿਵੇਂ ਕਾਨੂੰਨ, ਰਾਜਨੀਤੀ ਸ਼ਾਸਤਰ, ਗਣਿਤ, ਸਿਹਤ ਅਤੇ ਹਾਈਜੀਨ ਅਤੇ ਅਰਥ ਸ਼ਾਸਤਰ ਦੇ ਵਿਸ਼ਾ ਖੇਤਰਾਂ ਨਾਲ ਸੰਬੰਧਤ ਹੋ ਸਕਦਾ ਹੈ।

3) ਗਣਿਤ ਦੇ ਸੰਕਲਪਨ 'ਪ੍ਰਤਿਸ਼ਤ' ਨੂੰ ਲਓ। ਇਸ ਸੰਕਲਪਨ ਨੂੰ ਕਿਸੇ ਛੇ ਵਿਸ਼ਾ ਖੇਤਰਾਂ ਨਾਲ ਸੰਬੰਧਤ ਕਰੋ ਅਤੇ ਇਸ ਸੰਬੰਧਨ ਨੂੰ ਸਪਸ਼ਟ ਕਰਨ ਲਈ ਸਹੀ ਮਿਸਾਲਾਂ ਦਾ ਉਲੇਖ ਕਰੋ।

4) ਸੀ ਬੀ ਐੱਸ ਈ ਦੇ VIIਵੀਂ ਜਮਾਤ ਦੇ ਭੂਗੋਲ, ਇਤਿਹਾਸ ਅਤੇ ਸਮਾਜਕ ਅਤੇ ਰਾਜਨੀਤਕ ਜੀਵਨ ਪਾਠ ਪੁਸਤਕਾਂ ਦਾ ਅਧਿਐਨ ਕਰੋ। ਤੀਹ ਤੋਂ ਚਾਲੀ ਸੰਕਲਪਾਂ ਦੀ ਸੂਚੀ ਤਿਆਰ ਕਰੋ ਜਿਹੜੀ ਕਿ ਸਾਰੀਆਂ ਤਿੰਨ ਪਾਠ ਪੁਸਤਕਾਂ ਨਾਲ ਬੇਹੱਦ ਸਾਂਝੀਆਂ ਹਨ।

## ਆਪਣੀ ਪ੍ਰਗਤੀ ਦੀ ਪਰਖ ਕਰੋ – 5

ਪ੍ਰਸ਼ਨ : ਵਿਸ਼ਾ ਇਤਿਹਾਸ ਦੇ ਅੰਤਰ ਅਨੁਸ਼ਾਸਨੀ ਪ੍ਰਕਿਰਤੀ ਦੀ ਚਰਚਾ ਕਰੋ?

(ਨੋਟ : ਹੇਠਾਂ ਦਿੱਤੇ ਸਥਾਨ ਵਿੱਚ ਆਪਣਾ ਉੱਤਰ ਲਿੱਖੋ ਅਤੇ ਆਪਣੇ ਉੱਤਰ ਦਾ ਇਕਾਈ ਅੰਤ ਵਿੱਚ ਦਿੱਤੇ ਨਮੂਨਾ ਉੱਤਰਾਂ ਨਾਲ ਮਿਲਾਣ ਕਰੋ)।



ਨੋਟ

## 1.7 ਸਾਰਾਂਸ਼

ਇਸ ਇਕਾਈ ਵਿੱਚ ਤੁਹਾਨੂੰ ਸਮਾਜ ਵਿਗਿਆਨ ਦੀ ਪ੍ਰਕਿਰਤੀ ਨਾਲ ਪਰਿਚਿਤ ਕਰਨ ਲਈ ਹੰਭਲੇ ਮਾਰੇ ਗਏ ਹਨ। ਇਸ ਇਕਾਈ ਵਿੱਚ ਸਿਧਾਂਤਕ ਚਰਚਾਵਾਂ ਅਤੇ ਵਿਆਖਿਆਵਾਂ, ਪ੍ਰਯੋਗੀ ਮਿਸਾਲਾਂ ਅਤੇ ਟੂਕਾਂ, ਕਾਰਜ ਅਤੇ ਪ੍ਰੋਜੈਕਟਾਂ ਆਦਿ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਇਕਾਈ ਮੁੱਖ ਤੌਰ ’ਤੇ ਉਨ੍ਹਾਂ ਸਿਖਲਾਈ ਖੇਤਰਾਂ ਨੂੰ ਛੋਹੰਦੀ ਹੈ ਜਿਹੜੇ ਕਿ ਸਮਾਜ ਵਿਗਿਆਨ ਦੇ ਸੰਕਲਪਨ ਅਤੇ ਉਗਮਣ ਦੌਰ ਦੇ ਨਾਲ ਸਮਾਜ ਵਿਗਿਆਨ ਦਾ ਰੁਤਬਾ, ਸਮਾਜ ਦਾ ਵਰਤਮਾਨ ਰੁਤਬਾ, ਸਮਾਜ ਵਿਗਿਆਨ ਦੇ ਸੰਘਟਕ ਅਤੇ ਸਮਾਜ ਵਿਗਿਆਨ ਵਿਚਲੇ ਅੰਤਰ ਅਨੁਸ਼ਾਸਨੀ ਅਤੇ ਅਨੁਕੂਲਨ ਪਰਿਪੇਖ ਨਾਲ ਸੰਬੰਧਤ ਹੁੰਦੇ ਹਨ। ਇਕਾਈ ਦੇ ਮੁੱਖ ਸਿਖਲਾਈ ਬਿੰਦੂਆਂ ਦਾ ਸੰਖੇਪੀਕਰਣ ਨਿਮਨ ਅਨੁਸਾਰ ਹੈ। ਸਮਾਜ ਵਿਗਿਆਨ ਗਿਆਨ ਦੀ ਇੱਕ ਸ਼ਾਖਾ/ਖੇਤਰ ਦੀ ਰਚਨਾ ਕਰਦਾ ਹੈ, ਜਿਹੜਾ ਕਿ ਇੱਕ ਵਿਸ਼ਾਲ ਸਮਾਜਕ ਪ੍ਰਣਾਲੀ ਦੇ ਵਰਣਕ੍ਰਮ ਵਿੱਚ ਮਨੁੱਖੀ ਮਾਮਲਿਆਂ ਜਾਂ ਮਨੁੱਖੀ ਸੰਬੰਧਾਂ ਦਾ ਅਧਿਐਨ ਕਰਦਾ ਹੈ। ਸਮਾਜ ਵਿਗਿਆਨ ਅਧਿਐਨ ਦੇ ਰਸਮੀ ਵਿਸ਼ਿਆਂ ਦੇ ਤੌਰ ’ਤੇ (ਜ਼ਿਆਦਾਤਰ ਉੱਚ ਸਿੱਖਿਆ/ਯੂਨੀਵਰਸਿਟੀ ਸਿੱਖਿਆ ਪੱਧਰ) 18ਵੀਂ ਸਦੀ ਵਿੱਚ ਸਮਾਜਕ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਗਮਣ ਹੋਇਆ, ਜਿਨ੍ਹਾਂ ਦੀ ਰਚਨਾ ਆਧੁਨਿਕ ਵਿਗਿਆਨ, ਸਨਅਤੀਕਰਣ, ਆਧੁਨਿਕੀਕਰਣ ਆਦਿ ਦੇ ਵਿਕਾਸ ਦੁਆਰਾ ਹੋਇਆ। ਨੌਜਵਾਨ ਪਾੜ੍ਹਿਆਂ ਵਿੱਚ ਲੋਕਤਾਂਤਰਿਕ ਅਤੇ ਸਮਾਜਕ ਨਾਗਰਿਕਤਾ ਵਿਸ਼ੇਸ਼ਤਾਈਆਂ ਦੇ ਵਿਕਾਸ ਲਈ ਸਮਾਜ ਵਿਗਿਆਨ ਦੀ ਅਹਿਮੀਅਤ ਨੂੰ ਸਮਝਦਿਆਂ ਪਿਛਲੀ ਸਦੀ ਤੋਂ ਸਮਾਜ ਵਿਗਿਆਨ ਸਮੇਤ ਸਾਡੇ ਦੇਸ਼ ਦੇ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਸਕੂਲੀ ਪਾਠਕ੍ਰਮ ਦਾ ਭਾਗ ਬਣ ਚੁੱਕਾ ਹੈ। ਉੱਚ ਸਿੱਖਿਆ/ਉੱਚ ਸਕੂਲ ਪੱਧਰ ’ਤੇ ਭਿੰਨ ਸਮਾਜ ਵਿਗਿਆਨ ਦੇ ਵਿਸ਼ੇ ਜਿਵੇਂ ਕਿ ਇਤਿਹਾਸ, ਰਾਜਨੀਤੀ ਸ਼ਾਸਤਰ, ਮਾਨਵ ਵਿਗਿਆਨ, ਕਾਨੂੰਨ ਆਦਿ ਨੂੰ ਸੁਤੰਤਰ/ਇੱਛਤ ਵਿਸ਼ਿਆਂ ਦੇ ਤੌਰ ’ਤੇ ਪੜ੍ਹਾਇਆ ਜਾਂਦਾ ਹੈ। ਬੁਨਿਆਦੀ ਸਕੂਲ ਪੱਧਰ ’ਤੇ ਸਮਾਜ ਵਿਗਿਆਨ ਨੂੰ ਅਧਿਐਨ ਦੇ ਇਕਹਿਰੇ ਏਕੀਕ੍ਰਿਤ ਖੇਤਰ ਤਹਿਤ, ਸਮਾਜਕ ਅਧਿਐਨ ਪਾਠਕ੍ਰਮ ਜਾਂ ਸਮਾਜ ਵਿਗਿਆਨ ਪਾਠਕ੍ਰਮ ਦੇ ਰੂਪ ਵਿੱਚ ਪੜ੍ਹਾਇਆ ਜਾਂਦਾ ਹੈ। ਸਮਾਜ ਵਿਗਿਆਨ ਦੀ ਸਿਖਲਾਈ ਸੱਭਿਅਤਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਸਮੇਂ ਦਾ ਇੱਕ ਲੰਮਾ ਪੈਂਡਾ ਪਾਰ ਕੀਤਾ ਹੈ। ਪ੍ਰਾਚੀਨ ਅਤੇ ਮੱਧਕਾਲੀ ਸਮਾਜਾਂ ਵਿੱਚ ਸਮਾਜ ਵਿਗਿਆਨ ਦੀ ਸਿਖਲਾਈ ਵਧੇਰੇ ਗੈਰ-ਰਸਮੀ ਅਤੇ ਅਸੰਗਠਤ ਸੀ, ਜਦਕਿ ਆਧੁਨਿਕ ਅਤੇ ਉੱਤਰ ਆਧੁਨਿਕ ਸਮਾਜਾਂ ਵਿੱਚ ਸਮਾਜ ਵਿਗਿਆਨ ਦੀ ਸਿਖਲਾਈ ਵਧੇਰੇ ਰਸਮੀ ਅਤੇ ਸੰਗਠਤ ਹੈ। ਸਾਡੇ ਦੇਸ਼ ਭਾਰਤ ਵਿੱਚ ਸਮਾਜ ਵਿਗਿਆਨ ਦੀ ਸਿਖਲਾਈ ਜਿਹੜੀ ਕਿ ਵੈਦਿਕ ਅਤੇ ਉਪਨਿਸ਼ਦ ਯੁੱਗ ਤੋਂ ਸ਼ੁਰੂ ਹੋਈ ਅਤੇ ਵਰਤਮਾਨ ’ਚ ਇਹ ਸਿੱਖਿਆ ਪ੍ਰਣਾਲੀ ਦਾ ਇੱਕ ਅਹਿਮ ਭਾਗ ਬਣ ਗਿਆ ਹੈ। ਵਿਗਿਆਨ ਅਤੇ ਤਕਨਾਲੋਜੀ ਦੇ ਤੀਬਰ ਵਾਧੇ ਅਤੇ ਸਮਕਾਲੀ ਸਮਾਜ ਵਿੱਚ ਸਨਅਤੀਕਰਣ ਅਤੇ ਆਧੁਨਿਕੀਕਰਣ ਦੀ ਵੱਡੇ ਪੱਧਰ ’ਤੇ ਵਰਤੋਂ ਕਾਰਣ ਨਵੀਆਂ ਸਮਾਜਕ ਸਮੱਸਿਆਵਾਂ ਜਿਵੇਂ ਕਿਰਤ ਸ਼ੋਸ਼ਣ, ਜਨਸੰਖਿਆ ਸਮੱਸਿਆ, ਅਪਰਾਧ ਆਦਿ ਰੋਜ਼ਾਨਾ ਵੱਧ ਰਹੀਆਂ ਹਨ। ਅਜਿਹੀਆਂ ਨਵੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਕਈ ਨਵੇਂ ਸਮਾਜ ਵਿਗਿਆਨ ਰੋਜ਼ਾਨਾ ਉਗਮਣ ਹੋ ਰਹੇ ਹਨ। ਅਪਰਾਧ ਵਿਗਿਆਨ, ਜਨ-ਅੰਕੜਾ ਵਿਗਿਆਨ ਆਦਿ ਕੁਝ ਨਵੇਂ ਸਮਾਜ ਵਿਗਿਆਨ ਹਨ।

ਅਧਿਐਨ ਦੇ ਖੇਤਰ ਦੇ ਤੌਰ ’ਤੇ ਸਮਾਜ ਵਿਗਿਆਨ ਰਾਜਨੀਤੀ ਸ਼ਾਸਤਰ, ਮਾਨਵ ਵਿਗਿਆਨ, ਕਾਨੂੰਨ, ਅਰਥ ਸ਼ਾਸਤਰ, ਭੂਗੋਲ ਆਦਿ ਜਿਹੇ ਕਈ ਵਿਸ਼ਿਆਂ ਨੂੰ ਸ਼ਾਮਲ ਕਰਦਾ ਹੈ। ਸਕੂਲ ਪੱਧਰ

ਨੋਟ

'ਤੇ ਸਮਾਜ ਵਿਗਿਆਨ ਇੱਕ ਸੰਗਠਤ ਪਾਠਕ੍ਰਮ ਖੇਤਰ ਦੀ ਰਚਨਾ ਕਰਦਾ ਹੈ ਜਿਹੜਾ ਕਿ ਇਸ ਦੀ ਵਿਸ਼ਾ ਸਾਮੱਗਰੀ ਨੂੰ ਵੱਡੀ ਗਿਣਤੀ ਵਿੱਚ ਸਮਾਜ ਵਿਗਿਆਨ ਵਿਸ਼ਿਆਂ ਤੋਂ ਲੈਂਦਾ ਹੈ ਪ੍ਰੰਤੂ ਅਜਿਹੀ ਵਿਸ਼ਾ ਸਾਮੱਗਰੀ ਨੂੰ ਤਿੰਨ ਜਾਂ ਚਾਰ ਦਿਸ਼ਾਤਮਕ ਸਿਰਲੇਖਾਂ ਤਹਿਤ ਸੰਗਠਤ ਕੀਤਾ ਜਾਂਦਾ ਹੈ (ਮਿਸਾਲ ਦੇ ਤੌਰ 'ਤੇ ਇਤਿਹਾਸ, ਭੂਗੋਲ ਆਦਿ) ਤਾਂ ਜੋ ਪਾੜ੍ਹਿਆਂ ਲਈ ਸਿਖਲਾਈ ਦਾ ਮੰਤਵ ਪੂਰਾ ਹੋ ਸਕੇ।

ਸਮਜ ਵਿਗਿਆਨ ਦੇ ਵਿਸ਼ੇ ਮੁੱਖ ਤੌਰ 'ਤੇ ਪ੍ਰਕਿਰਤੀ ਵਿੱਚ ਅੰਤਰ ਅਨੁਸ਼ਾਸਨੀ ਅਤੇ ਅੰਤਰ ਨਿਰਭਰ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਆਪਸ ਵਿੱਚ ਕਿਰਿਆਤਮਕ ਸੰਬੰਧਨ ਹੁੰਦਾ ਹੈ (ਅਧਿਐਨ ਦੇ ਇੱਕੋ ਖੇਤਰ ਵਿੱਚ), ਇਸਦੇ ਨਾਲ ਹੀ ਅਧਿਐਨ ਦੇ ਕਈ ਖੇਤਰਾਂ ਦੇ ਵਿਸ਼ਿਆਂ ਨਾਲ ਸੰਬੰਧਨ ਹੁੰਦਾ ਹੈ, ਜਿਵੇਂ ਕਿ ਭੌਤਿਕ ਵਿਗਿਆਨ, ਗਣਿਤੀ ਵਿਗਿਆਨ, ਜੀਵ-ਵਿਗਿਆਨਕ ਵਿਗਿਆਨ ਆਦਿ। ਇਸ ਲਈ ਸਮਾਜ ਵਿਗਿਆਨ ਪਾਠਕ੍ਰਮ ਨਾਲ ਕਾਰ-ਵਿਹਾਰ ਕਰਨ ਸਮੇਂ ਇਸ ਨੂੰ ਹੋਰਨਾਂ ਵਿਸ਼ਿਆਂ ਨਾਲ ਅਨੁਕੂਲਣ ਕੀਤਾ ਜਾਣਾ ਚਾਹੀਦਾ ਹੈ। ਇਸ ਕੋਰਸ ਦੀਆਂ ਅਗਲੀਆਂ ਇਕਾਈਆਂ ਵਿੱਚ ਸਮਾਜ ਵਿਗਿਆਨ ਸੰਬੰਧੀ ਤੁਸੀਂ ਹੋਰ ਵੇਰਵੇ ਪੜ੍ਹੋਗੇ।

## 1.8 ਸ਼ਬਦ ਸੰਗ੍ਰਹਿ/ਸੰਖੇਪ

**ਨਵਚੇਤਨਾ :** ਨਵਚੇਤਨਾ ਗਿਆਨ ਦੀ ਪੁਨਰ ਜਾਗ੍ਰਤੀ ਦਾ ਹਵਾਲਾ ਦਿੰਦਾ ਹੈ। 18ਵੀਂ ਸਦੀ ਅਤੇ ਅਗਾਂਹ ਨੂੰ ਵਿਆਪਕ ਪੁਨਰ ਚੇਤਨਾ ਦਾ ਦੌਰ ਸਮਝਿਆ ਜਾਂਦਾ ਹੈ ਕਿਉਂਕਿ ਇਸ ਕਾਲ ਦੌਰਾਨ ਗਿਆਨ ਦੀ ਪੁਨਰ ਜਾਗ੍ਰਤੀ ਜ਼ਿੰਦਗੀ ਦੇ ਭਿੰਨ ਖੇਤਰਾਂ ਸਮਾਜਕ, ਆਰਥਕ, ਰਾਜਨੀਤਕ, ਸੱਭਿਆਚਾਰਕ, ਵਿਗਿਆਨ ਆਦਿ ਵਿੱਚ ਸ਼ੁਰੂ ਹੋਈ। ਵਿਗਿਆਨ, ਸਨਅਤੀਕਰਣ, ਆਧੁਨਿਕਰਣ ਆਦਿ ਨੇ ਆਧੁਨਿਕ ਯੁੱਗ ਦੀ ਨਵਚੇਤਨਾ ਵਿੱਚ ਕਾਫੀ ਯੋਗਦਾਨ ਪਾਇਆ ਹੈ।

**ਗਾਂਧੀ ਜੀ ਦੀ ਬੁਨਿਆਦੀ ਸਿੱਖਿਆ :** 1937 ਵਿੱਚ ਗਾਂਧੀ ਜੀ ਨੇ ਸਿੱਖਿਆ ਦੀ ਇੱਕ ਸਕੀਮ ਨੂੰ ਅੰਤਮ ਰੂਪ ਦਿੱਤਾ ਅਤੇ ਉਸ ਨੂੰ 22 ਅਤੇ 23 ਅਕਤੂਬਰ 1937 ਨੂੰ ਵਰਧਾ ਵਿਖੇ ਸਰਵ ਭਾਰਤ ਰਾਸ਼ਟਰੀ ਸਿੱਖਿਆ ਸੰਮੇਲਨ ਵਿੱਚ ਪੇਸ਼ ਕੀਤਾ। ਇਸ ਸਕੀਮ ਨੂੰ ਆਮਤੌਰ 'ਤੇ ਬੁਨਿਆਦੀ ਸਿੱਖਿਆ ਜਾਂ ਸਿੱਖਿਆ ਦੀ ਵਰਧਾ ਸਕੀਮ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਬੁਨਿਆਦੀ ਸਿੱਖਿਆ ਉੱਪਰ ਗਾਂਧੀ ਜੀ ਦੀ ਸਕੀਮ ਭਾਰਤੀ ਬੱਚਿਆਂ ਦੀਆਂ ਬੁਨਿਆਦੀ ਲੋੜਾਂ ਅਤੇ ਆਕਾਂਖਿਆਵਾਂ ਉੱਪਰ ਆਧਾਰਤ ਸੀ।

**ਆਰਥਕ ਮੰਦੀ :** ਆਰਥਕ ਮੰਦੀ ਵਿੱਤੀ ਜਾਂ ਆਰਥਕ ਮਸ਼ੀਨਰੀਆਂ ਦੇ ਢਹਿ-ਢੇਰੀ ਹੋਣ ਦਾ ਹਵਾਲਾ ਦਿੰਦੀ ਹੈ। ਜਦੋਂ ਆਰਥਕ ਮੰਦੀ ਵਾਪਰਦੀ ਹੈ, ਆਰਥਕ ਸੰਸਥਾਵਾਂ ਜਿਵੇਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ, ਵਸਤਾਂ ਤੇ ਸੇਵਾਵਾਂ ਦੀ ਮਾਰਕੀਟਿੰਗ ਮੁਦਰਾ ਸਫੀਤੀ ਅਤੇ ਅਵਸਫੀਤੀ ਦੀ ਸੰਭਾਲ ਅਸਫਲ ਹੋ ਜਾਂਦੀ ਹੈ। 1930 ਵਿਆਂ ਨੂੰ ਵਿਸ਼ਾਲ ਆਰਥਕ ਮੰਦੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਕਿਉਂਕਿ ਇਸ ਸਮੇਂ ਦੌਰਾਨ ਆਰਥਕ ਮੰਦੀ ਦੁਨੀਆ ਦੇ ਬਹੁਤੇ ਭਾਗਾਂ ਵਿੱਚ ਪਸਰ ਚੁੱਕੀ ਸੀ।

## 1.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

ਨੋਟ

ਪ੍ਰਸ਼ਨ 1 ਦਾ ਉੱਤਰ : ਸਮਾਜ ਵਿਗਿਆਨ ਅਧਿਆਪਨ 'ਤੇ ਰਾਸ਼ਟਰੀ ਫੋਕਸ ਸਮੂਹ (2006) ਅਨੁਸਾਰ ਉੱਪਰੀ ਪ੍ਰਾਇਮਰੀ ਪੜਾਅ ਉੱਪਰ ਸਮਾਜ ਵਿਗਿਆਨ ਅਧਿਆਪਨ ਦੇ ਮੰਤਵ ਹਨ :

- ਮਨੁੱਖਤਾ ਦੇ ਸਹਿਜਵਾਸ ਦੇ ਤੌਰ 'ਤੇ ਅਤੇ ਜ਼ਿੰਦਗੀ ਦੇ ਹੋਰਨਾਂ ਸਰੂਪਾਂ ਬਾਰੇ ਸਮਝ ਨੂੰ ਵਿਕਸਤ ਕਰਨਾ।
- ਵਿਆਪਕ ਸੰਦਰਭ ਵਿੱਚ ਪਾੜ੍ਹੇ ਨੂੰ ਆਪਣੇ ਇਲਾਕੇ, ਰਾਜ ਅਤੇ ਦੇਸ਼ ਦੇ ਅਧਿਐਨ ਵਿੱਚ ਸ਼ੁਰੂਆਤ ਕਰਵਾਉਣਾ।
- ਦੁਨੀਆ ਦੇ ਹੋਰਨਾਂ ਹਿੱਸਿਆਂ ਵਿੱਚ ਸਮਕਾਲੀ ਵਿਕਾਸ ਦੇ ਸੰਦਰਭ ਵਿੱਚ ਭਾਰਤ ਦੇ ਭੂਤਕਾਲ ਦੇ ਅਧਿਐਨ ਵਿੱਚ ਪਾੜ੍ਹੇ ਦੀ ਸ਼ੁਰੂਆਤ ਕਰਵਾਉਣਾ।
- ਪਾੜ੍ਹੇ ਨੂੰ ਦੇਸ਼ ਦੀ ਪ੍ਰਕਿਰਿਆ ਅਤੇ ਸਮਾਜਕ ਅਤੇ ਰਾਜਨੀਤਕ ਸੰਸਥਾਵਾਂ ਦੀ ਕਿਰਿਆਸ਼ੀਲਤਾ ਅਤੇ ਗਤੀਸ਼ੀਲਤਾ ਬਾਰੇ ਪਰਿਚਿਤ ਕਰਵਾਉਣਾ।

ਪ੍ਰਸ਼ਨ 2 ਦਾ ਉੱਤਰ : ਸਮਾਜ ਵਿਗਿਆਨ ਦੀ ਸਿਖਲਾਈ ਨੇ ਪ੍ਰਾਚੀਨ ਭਾਰਤੀ ਸੱਭਿਆਚਾਰਕ/ਸਿੱਖਿਆ ਪ੍ਰਣਾਲੀ ਵਿੱਚ ਅਹਿਮ ਸਥਾਨ ਕਬਜ਼ਾਇਆ ਹੋਇਆ ਹੈ। ਨੈਤਿਕਤਾ, ਅਧਿਆਤਮਿਕਤਾ, ਸਮਾਜਕ ਕਦਰਾਂ-ਕੀਮਤਾਂ ਅਤੇ ਪ੍ਰਵਿਰਤੀਆਂ ਆਦਿ ਪ੍ਰਾਚੀਨ ਭਾਰਤ ਦੀਆਂ ਸੇਧਾਤਮਕ ਦਰਸ਼ਨ ਸ਼ਾਸਤਰ ਸਨ। ਵੇਦ, ਉਪਨਿਸ਼ਦ, ਸਮਰਿਤੀਆਂ, ਕੁਰਾਣ, ਰਮਾਇਣ, ਮਹਾਂਭਾਰਤ ਆਦਿ ਕੁਝ ਪੂਰਵ ਇਤਿਹਾਸਕ/ਸ਼ੁਰੂਆਤੀ ਇਤਿਹਾਸਕ ਭਾਰਤੀ ਗ੍ਰੰਥ ਹਨ, ਜਿਹੜੇ ਸਮਾਜਕ ਕਦਰਾਂ-ਕੀਮਤਾਂ ਅਤੇ ਤੰਦਰੁਸਤ ਜੀਵਨ ਸਿਧਾਂਤ ਧਾਰਣ ਕਰਦੇ ਹਨ। ਕੌਟਿਲਿਆ ਦਾ ਅਰਥ ਸ਼ਾਸਤਰ, ਵਿਸ਼ਨੂੰ ਸ਼ਰਮਾ ਦਾ ਪੰਚਤੰਤਰ ਆਦਿ ਕੁਝ ਪ੍ਰਾਚੀਨ ਭਾਰਤੀ ਰਚਨਾਵਾਂ ਜਾਂ ਮੂਲ ਪਾਠ ਹਨ ਜਿਹੜੇ ਕਿ ਸਮਾਜ ਵਿਗਿਆਨ ਮੱਤ ਅਤੇ ਸਿਧਾਂਤਾਂ ਨਾਲ ਵਰਤਾਰਾ ਕਰਦੇ ਹਨ। ਇਨ੍ਹਾਂ ਸਾਰੇ ਸੰਦਰਭਾਂ ਦਾ ਹਵਾਲਾ ਦਿੰਦਿਆਂ ਅਸੀਂ ਆਖ ਸਕਦੇ ਹਾਂ ਕਿ ਸਮਾਜ ਵਿਗਿਆਨ ਪ੍ਰਾਚੀਨ ਭਾਰਤ ਦੀ ਸੱਭਿਆਚਾਰਕ/ਸਿੱਖਿਆ ਪ੍ਰਣਾਲੀ ਦਾ ਭਾਗ ਬਣ ਚੁੱਕਾ ਸੀ।

ਪ੍ਰਸ਼ਨ 3 ਦਾ ਉੱਤਰ : ਜਿਵੇਂ ਕਿ ਵਿਗਿਆਨ ਅਤੇ ਤਕਨਾਲੋਜੀ, ਅਡਵਾਂਸ ਮੀਡੀਆ ਅਤੇ ਕਈ ਹੋਰ ਕਾਰਣਾਂ ਕਰਕੇ ਤੇਜ਼ ਗਤੀ ਨਾਲ ਬਦਲ ਰਿਹਾ ਹੈ। ਅਜਿਹੀਆਂ ਨਵੀਆ ਸਮਾਜਕ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਨਵੇਂ ਸਮਾਜ ਵਿਗਿਆਨ ਉਗਮਣ ਹੋ ਰਹੇ ਹਨ ਅਤੇ ਉਸ ਮੁਤਾਬਕ ਸਿੱਖਿਆ ਪ੍ਰਣਾਲੀ ਦੇ ਭਾਗ ਬਣ ਰਹੇ ਹਨ। 18ਵੀਂ ਅਤੇ 19ਵੀਂ ਸਦੀ ਵਿੱਚ ਸਮਾਜਕ ਵਿਗਿਆਨ ਵਿਸ਼ੇ ਜਿਵੇਂ ਸਮਾਜ ਕਾਰਜ, ਲੋਕ ਪ੍ਰਸ਼ਾਸਨ, ਅਪਰਾਧ ਵਿਗਿਆਨ, ਮਨੋਵਿਗਿਆਨ, ਜਨ ਅੰਕੜਾ ਵਿਗਿਆਨ ਆਦਿ ਦਾ ਥੋੜ੍ਹਾ ਜਿਹਾ ਹੀ ਵਜੂਦ ਸੀ, ਪ੍ਰੰਤੂ ਅਖੀਰਲੀ ਅਤੇ ਵਰਤਮਾਨ ਸਦੀਆਂ ਵਿੱਚ ਇਨ੍ਹਾਂ ਵਿਸ਼ਿਆਂ ਨੂੰ ਆਖਰੀ ਅਤੇ ਵਰਤਮਾਨ ਸਦੀ ਵਿੱਚ ਉਨ੍ਹਾਂ ਨਾਲ ਜੁੜੀਆਂ ਕਈ ਸਮਾਜਕ ਸਮੱਸਿਆਵਾਂ ਕਾਰਣ ਲੋੜੀਂਦੀ ਅਹਿਮੀਅਤ ਮਿਲੀ। ਮਿਸਾਲ ਦੇ ਤੌਰ 'ਤੇ 18ਵੀਂ ਅਤੇ ਇੱਥੋਂ ਤੱਕ ਕਿ 19ਵੀਂ ਸਦੀ ਵਿੱਚ ਆਬਾਦੀ ਨਾਲ ਸੰਬੰਧਤ ਮੁੱਦੇ, ਵਿਸ਼ੇਸ਼ਕਰ ਆਬਾਦੀ ਦਾ ਵਾਧਾ, ਮੁੱਖ ਸਮਾਜਕ ਮੁੱਦੇ ਨਹੀਂ ਸਨ, ਪ੍ਰੰਤੂ ਆਖਰੀ ਅਤੇ ਵਰਤਮਾਨ ਸਦੀ ਵਿੱਚ ਆਬਾਦੀ ਵਾਧੇ ਨਾਲ ਜੁੜੀਆਂ ਜਟਿਲਤਾਵਾਂ ਨੇ ਸਮਾਜਕ ਜੀਵਨ ਦੇ ਕਈ ਪਹਿਲੂਆਂ ਨੂੰ ਪ੍ਰਭਾਵਤ ਕੀਤਾ, ਜਿਸ ਕਾਰਣ ਵਿਸ਼ਾ ਜਨ-ਅੰਕੜਾ ਵਿਗਿਆਨ ਦਾ ਉਗਮਨ ਹੋਇਆ ਅਤੇ ਸਿੱਖਿਆ ਪ੍ਰਣਾਲੀ ਦਾ ਇੱਕ ਅਹਿਮ ਭਾਗ ਬਣ ਗਿਆ। ਇਸੇ ਤਰ੍ਹਾਂ ਕਈ

ਸਮਾਜ ਵਿਗਿਆਨ ਦੇ ਵਿਸ਼ੇ ਦਿਨ-ਬ-ਦਿਨ ਉਗਮਣ ਹੋ ਰਹੇ ਹਨ ਤਾਂ ਜੋ ਸਮਾਜਕ ਸਮੱਸਿਆਵਾਂ ਦੀ ਬਦਲ ਰਹੀ ਪ੍ਰਕਿਰਤੀ ਦਾ ਸਾਹਮਣਾ ਕੀਤਾ ਜਾ ਸਕੇ।

ਪ੍ਰਸ਼ਨ 4 ਦਾ ਉੱਤਰ : ਤਿੰਨ ਸ਼ਰਤਾਂ ਜਿਹੜੀਆਂ ਅਧਿਐਨ ਦੇ ਖੇਤਰ ਨੂੰ ਚਿਤਰਤ ਕਰਦੀਆਂ ਹਨ –

1) ਖੇਤਰ ਵਿੱਚ ਕਾਫੀ ਗਿਣਤੀ ਵਿੱਚ ਵਿਅਕਤੀਗਤ ਵਿਸ਼ੇ ਸ਼ਾਮਲ ਹੋਣੇ ਚਾਹੀਦੇ ਹਨ।

2) ਇੱਕ ਖੇਤਰ ਅਧੀਨ ਭਿੰਨ ਵਿਸ਼ਿਆਂ ਦਰਮਿਆਨ ਕਿਰਿਆਤਮਕ ਸੰਬੰਧ ਅਤੇ ਅੰਤਰ ਵਿਦਮਾਨ ਹੋਣ।

3) ਭਿੰਨ ਖੇਤਰਾਂ ਦੇ ਵਿਸ਼ਿਆਂ ਜਾਂ ਭਿੰਨ ਖੇਤਰਾਂ ਦਰਮਿਆਨ ਕਿਰਿਆਤਮਕ ਸੰਬੰਧ ਅਤੇ ਅੰਤਰ ਵਿਦਮਾਨ ਹੋਣ।

ਪੰਜ ਵਿਸ਼ੇ ਜਿਹੜੇ ਆਮਤੌਰ 'ਤੇ ਸਮਾਜ ਵਿਗਿਆਨ ਖੇਤਰ ਅਧੀਨ ਵਿਚਾਰੇ ਜਾਂਦੇ ਹਨ, ਉਹ ਹਨ – ਰਾਜਨੀਤੀ ਸ਼ਾਸਤਰ, ਭੂਗੋਲ, ਕਾਨੂੰਨ, ਸਮਾਜ ਸ਼ਾਸਤਰ ਅਤੇ ਇਤਿਹਾਸ।

ਪ੍ਰਸ਼ਨ 5 ਦਾ ਉੱਤਰ : ਇਤਿਹਾਸ ਦਾ ਵਿਸ਼ਾ ਪ੍ਰਕਿਰਤੀ ਵਿੱਚ ਅੰਤਰ ਅਨੁਸ਼ਾਸਨੀ ਹੈ। ਇਹ ਅੰਤਰ ਅਨੁਸ਼ਾਸਨੀ ਹੈ, ਕਿਉਂਕਿ ਜਦੋਂ ਅਸੀਂ ਇਤਿਹਾਸ ਦਾ ਅਧਿਐਨ ਕਰਦੇ ਹਾਂ ਅਸੀਂ ਕਈ ਹੋਰ ਸਮਾਜ ਵਿਗਿਆਨ ਵਿੱਚ ਜਿਵੇਂ ਆਰਥਕ ਇਤਿਹਾਸ, ਰਾਜਨੀਤਕ ਇਤਿਹਾਸ, ਮਨੋਵਿਗਿਆਨ ਦਾ ਇਤਿਹਾਸ, ਸਮਾਜ ਸ਼ਾਸਤਰ ਦਾ ਇਤਿਹਾਸ, ਧਾਰਮਿਕ ਇਤਿਹਾਸ ਆਦਿ ਦਾ ਇਤਿਹਾਸ ਵੀ ਅਧਿਐਨ ਕਰਦੇ ਹਾਂ। ਅਗਾਂਹ ਕਈ ਗੈਰ ਸਮਾਜ ਵਿਗਿਆਨ ਵਿਸ਼ੇ ਜਿਵੇਂ ਬਨਸਪਤੀ ਵਿਗਿਆਨ ਦਾ ਇਤਿਹਾਸ, ਜੀਵ ਵਿਗਿਆਨ ਦਾ ਇਤਿਹਾਸ, ਗਣਿਤ ਦਾ ਇਤਿਹਾਸ, ਭਿੰਨ ਭਾਸ਼ਾਵਾਂ ਦਾ ਇਤਿਹਾਸ ਆਦਿ ਇਤਿਹਾਸ ਦੇ ਭਾਗਾਂ ਦੀ ਰਚਨਾ ਕਰਦੇ ਹਨ।

## 1.10 ਸੁਝਾਏ ਅਧਿਐਨ ਅਤੇ ਸੰਦਰਭ

Barker, E. (1967). Principles of Social and Political Theory. Oxford : Oxford University Press.

Basantia, T.K. & Purkayashta, B. (2010). Competency Based Teaching Learning Process at Primary Level : An Anlalysis. In K.D. Gaur, R. Prasad and H. Bergal (Eds.), Globalization and Economy. New Delhi : Sunrise Publication.

Basantia, T.K. (2003). Effect of Activity Based Joyful Learning Approach in Achieving Interdisciplinary MLL Competencies through Teaching of Environmental Studies at Primary Level. M. Phil. Education. Utkal University.

Basantia, T.K. (2006). Effect of Multi-Dimensional Activity based Integrated Approach in Enhancing Cognitive and Creative Ablities in Social Studies of Elementary School Children. Ph.D. Education. Utkal University.

ਨੋਟ


Coombs, P.H. (1985). The World Crisis in Education. New York : Oxford University Press.

Delors, J. (1996). Learning the Treasure within-Report to UNESCO of the International Commission on Education for Twenty first Century. UNESCO.

Govt. of India. (1952-53). Secondary Education Commission (1952-53). New Delhi : Ministry of Education.

Govt. of India. (1966). The Education Commission (1964-66). New Delhi : Ministry of Education.

Govt. of India. (1986). National Policy on Education (1986). New Delhi : MHRD

Jorolimek, J. (1962). Social Studies in Elementary Education. New York : The Mac Millan Company.

Mishra, S., & Basantia, T.K. (2003). The Modalities of Teachers empowerment for organizing Creative activites for Development of Various abilities in Elementary school Children. The Primary Teacher, 28(4), 43-47.

NCERT. (1975). The Curriculum for Ten Year School : A Framework. New Delhi : NCERT.

NCERT. (1988). National Curriculum for Elementary and Secondary Education. New Delhi : NCERT.

NCERT. (2006). Position Paper-National Focus Group on Teaching of Social Sciences. New Delhi : NCERT.

NCERT. (2000). National Curriculum Framewok for School Education. New Delhi : NCERT.

NCERT. (2005). National Curriculum Frame Work-2005. New Delhi : NCERT.

Panda, B.N., & Basantia, T.K. (2006). Civic awareness: A recurring Challenge of Present day Education - Educational strategies for its Enhancement. The Social Science International, 22(1), 84-96.

Ross, D. (1991). The Origin of American Social Science. New York : Cambridge University Press.

ਨੋਟ

Traill, R.D., Logan, L.M., & Remmington, G.T. (1968). Teaching the Social Sciences : A Creative Direction. Sidney : McGraw-Hill Company.

## 1.11 ਇਕਾਈ ਅੰਤ ਅਭਿਆਸ

1. ਤਿੰਨ ਬੋਰਡਾਂ ਭਾਵ ਸੀ ਬੀ ਐੱਸ ਈ, ਆਈ ਸੀ ਐੱਸ ਈ ਅਤੇ ਤੁਹਾਡੇ ਰਾਜ ਦੇ ਬੋਰਡ ਤੋਂ ਕਿਸੇ ਵੀ ਇੱਕ ਜਮਾਤ ਦੀ ਸਮਾਜ ਵਿਗਿਆਨ ਦੀ ਪਾਠ ਪੁਸਤਕ ਲਓ। ਤਿੰਨਾਂ ਬੋਰਡਾਂ ਦੀਆਂ ਅਜਿਹੀਆਂ ਪਾਠ ਪੁਸਤਕਾਂ ਦੀ ਵਿਸ਼ਾ ਵਸਤੂ ਦੇ ਸੰਬੰਧ ਵਿੱਚ ਸਮਾਨਤਾਵਾਂ ਅਤੇ ਅੰਤਰ ਲੱਭੋ। ਅਜਿਹੀਆਂ ਪਾਠ ਪੁਸਤਕਾਂ ਦੀ ਵਿਸ਼ਾ ਵਸਤੂ ਦਰਮਿਆਨ ਸੰਤੁਲਨ ਬਰਕਰਾਰ ਰੱਖਣ ਲਈ ਮਾਪਦੰਡ ਸੁਝਾਓ।

2. ਕੋਈ ਇੱਕ ਐਲੀਮੈਂਟਰੀ ਸਕੂਲ ਸਮਾਜ ਵਿਗਿਆਨ ਸੰਕਲਪ ਦੀ ਚੋਣ ਕਰੋ ਅਤੇ ਪਾੜ੍ਹਿਆਂ ਨੂੰ ਇੱਕ ਅੰਤਰ ਅਨੁਸ਼ਾਸਨੀ ਅਤੇ ਸੰਘਟਕ ਪਹੁੰਚ ਦੁਆਰਾ ਉਸੇ ਸੰਕਲਪ ਦੇ ਅਧਿਆਪਨ ਲਈ ਇੱਕ ਪਾਠ ਯੋਜਨਾ ਤਿਆਰ ਕਰੋ।

3. ਵਰਤਮਾਨ ਦਿਨ 21ਵੀਂ ਸਦੀ ਦਾ ਸ਼ੁਰੂਆਤੀ ਦੌਰ ਹੈ। ਅੱਜ ਤੋਂ ਸ਼ੁਰੂ ਹੋ ਕੇ 21ਵੀਂ ਸਦੀ ਦੇ ਅੰਤ ਤੱਕ ਕਈ ਨਵੀਆਂ ਸਮਾਜਕ ਸਮੱਸਿਆਵਾਂ ਸਮਾਜ ਨੂੰ ਪ੍ਰਭਾਵਤ ਕਰ ਸਕਦੀਆਂ ਹਨ। ਨਵੀਆਂ ਸਮਾਜਕ ਸਮੱਸਿਆਵਾਂ ਦੀ ਸੂਚੀ ਤਿਆਰ ਕਰੋ ਜਿਹੜੀ ਕਿ 21ਵੀਂ ਸਦੀ ਅਨੁਭਵ ਕਰ ਸਕੇ ਅਤੇ ਅਜਿਹੀਆਂ ਸਮੱਸਿਆਵਾਂ ਨੂੰ ਹਟਾਉਣ ਲਈ ਦ੍ਰਿਸ਼ਟਮਾਨ ਯੋਜਨਾ ਤਿਆਰ ਕਰ ਸਕੇ।

ਨੋਟ

# ਇਕਾਈ 2: ਸਕੂਲੀ ਪਾਠਕ੍ਰਮ ਵਿੱਚ ਸਮਾਜ ਵਿਗਿਆਨ

## ਸੰਰਚਨਾ

2.0 ਪਰਿਚੈ

2.1 ਸਿੱਖਣ ਦੇ ਮੰਤਵ

2.2 ਸ਼ਕਤੀਆਂ ਜਿਨ੍ਹਾਂ ਸਮਾਜ ਵਿਗਿਆਨ ਪਾਠਕ੍ਰਮ ਨੂੰ ਪ੍ਰਭਾਵਤ ਕੀਤਾ

- 2.2.1 ਬਸਤੀਵਾਦੀ ਵਿਰਸਾ ਅਤੇ ਰਾਸ਼ਟਰਵਾਦੀ ਪਰਿਪੇਖ
- 2.2.2 ਉੱਤਰ-ਸੁਤੰਤਰਤਾ ਸਮਾਜ ਵਿਗਿਆਨ ਪਾਠਕ੍ਰਮ ਦਾ ਉਗਮਣ
- 2.2.3 ਰਾਸ਼ਟਰੀ ਏਕੀਕਰਣ ਅਤੇ ਅੰਤਰਰਾਸ਼ਟਰੀ ਸਮਝ
- 2.2.4 ਧਰਮ ਨਿਰਪੇਖਤਾ ਅਤੇ ਫਿਰਕਾਪ੍ਰਸਤੀ
- 2.2.5 ਸਮਾਜ ਵਿਗਿਆਨ ਪਾਠਕ੍ਰਮ ਉੱਪਰ ਮਾਤਹਿਤ ਪਰਿਪੇਖ ਦਾ ਪ੍ਰਭਾਵ
- 2.2.6 ਲਿੰਗ, ਜਾਤੀ ਅਤੇ ਕਬਾਇਲੀ ਪਰਿਪੇਖ
- 2.2.7 ਸਮਾਜ ਵਿਗਿਆਨ ਪਾਠਕ੍ਰਮ ਉੱਪਰ ਅੰਤਰਰਾਸ਼ਟਰੀ ਪਰਿਪੇਖ
- 2.2.8 ਰਾਸ਼ਟਰੀ ਪੱਧਰ 'ਤੇ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਵਰਤਮਾਨ ਚਿੰਤਨ ਅਤੇ ਅਮਲ

2.3 ਸਾਰਾਂਸ਼

2.4 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

2.5 ਸੁਝਾਏ ਅਧਿਐਨ ਅਤੇ ਸੰਦਰਭ

2.6 ਇਕਾਈ-ਅੰਤ ਅਭਿਆਸ

## 2.0 ਪਰਿਚੈ

ਇਕਾਈ-1 ਵਿੱਚ ਤੁਸੀਂ ਸਮਾਜ ਵਿਗਿਆਨ ਦੀ ਪ੍ਰਕਿਰਤੀ ਬਾਰੇ ਸਿੱਖਿਆ, ਨਾਲ ਹੀ ਇਸ ਦੇ ਸੰਘਟਕਾਂ ਨੂੰ ਇੱਕ ਵਿਸ਼ੇ ਦੇ ਤੌਰ 'ਤੇ - ਇਸਦਾ ਉਗਮਣ, ਅਤੇ ਸੰਕਲਪ। ਤੁਸੀਂ ਸਮਾਜ ਦੇ ਵਰਤਮਾਨ ਰੁਤਬੇ ਬਾਰੇ ਵੀ ਸਿੱਖਿਆ ਕੀ ਤੁਸੀਂ ਕਦੇ ਸਮਾਜ ਵਿਗਿਆਨ ਪਾਠਕ੍ਰਮ ਦੀ ਰੂਪਰੇਖਾ ਬਾਰੇ ਕਦੇ ਸੋਚਿਆ, ਜਿਵੇਂ ਕਿ ਅੱਜ ਹੈ? ਪਾਠਕ੍ਰਮ ਇਸ ਦੇ ਵਰਤਮਾਨ ਆਕਾਰ ਵਿੱਚ ਕਿਵੇਂ ਵਿਕਸਤ ਹੋਇਆ। ਸਮਾਜ ਵਿਗਿਆਨ ਵਿੱਚ ਵਿਸ਼ਾ ਖੇਤਰ ਵਿਸ਼ਾਲ ਹਨ ਅਤੇ ਵਿਸ਼ਾ-ਵਸਤੂ ਦੀ ਚੋਣ ਜਿਹੜੀ

ਵਿਦਿਆਰਥੀਆਂ ਵੱਲੋਂ ਸਿੱਖੀ ਜਾਣੀ ਹੈ, ਬੇਹੱਦ ਨਿਰਣਾਕਾਰੀ ਹੈ ਕਿਉਂ ਜੋ ਇਹ ਵਿਦਿਆਰਥੀ ਦੇ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ। ਨਿਰਸੰਦੇਹ ਵਿਸ਼ਾ-ਵਸਤੂ ਦੀ ਚੋਣ ਸਿੱਖਿਆ ਦੇ ਟੀਚਿਆਂ ਉੱਪਰ ਆਧਾਰਤ ਹੈ ਅਤੇ ਸਮਾਜ ਵਿਗਿਆਨ ਅਧਿਐਨ ਦੇ ਟੀਚਿਆਂ ਉੱਪਰ ਵੀ। ਕੌਣ ਨਿਰਣਾ ਕਰਦਾ ਹੈ ਕਿ ਸਮਾਜ ਵਿਗਿਆਨ ਪਾਠਕ੍ਰਮ ਤਿਆਰ ਕਰਨ ਵਿੱਚ ਕੀ ਹੋਣਾ ਚਾਹੀਦਾ ਹੈ। ਕਿਨ੍ਹਾਂ ਸ਼ਕਤੀਆਂ ਵਿਚਾਰਾਂ ਅਤੇ ਪਰਿਪੇਖਾਂ ਨੇ ਸਮਾਜ ਵਿਗਿਆਨ ਪਾਠਕ੍ਰਮ ਤਿਆਰ ਕਰਨ ਵਿੱਚ ਯੋਗਦਾਨ ਪਾਇਆ? ਇਨ੍ਹਾਂ ਮੁੱਦਿਆਂ ਦੀ ਇੱਕ ਸਮਝ ਤੁਹਾਨੂੰ ਸਮਾਜ ਵਿਗਿਆਨ ਪਾਠਕ੍ਰਮ ਨੂੰ ਸਮਝਣ ਅਤੇ ਸਕੂਲ ਵਿੱਚ ਕਾਰ-ਵਿਹਾਰ ਵਿੱਚ ਮਦਦ ਕਰੇਗੀ। ਸਮਾਜ ਵਿਗਿਆਨ ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਰਾਜਨੀਤੀ ਸ਼ਾਸਤਰ ਆਦਿ ਤੋਂ ਗ੍ਰਹਿਣ ਵਿਭਿੰਨ ਵਿਸ਼ਿਆਂ ਨੂੰ ਸ਼ਾਮਲ ਕਰਦੇ ਹਨ। ਵਰਤਮਾਨ ਇਕਾਈ ਵਿੱਚ ਅਸੀਂ ਉਨ੍ਹਾਂ ਸ਼ਕਤੀਆਂ ਦੀ ਚਰਚਾ ਕਰਦੇ ਹਾਂ ਜਿਨ੍ਹਾਂ ਇਨ੍ਹਾਂ ਸਿੱਖਿਆ ਸ਼ਾਖਾਵਾਂ ਨੂੰ ਪ੍ਰਭਾਵਤ ਕੀਤਾ ਅਤੇ ਸਿੱਟੇ ਵਜੋਂ ਭਾਰਤ ਵਿੱਚ ਸਮਾਜ ਵਿਗਿਆਨ ਪਾਠਕ੍ਰਮ। ਅਸੀਂ ਪ੍ਰੀਖਣ ਵੀ ਕਰਾਂਗੇ ਜੇਕਰ ਇਹ ਸ਼ਕਤੀਆਂ ਸਮਾਜ ਵਿਗਿਆਨ ਅਧਿਆਪਨ ਦੇ ਮੰਤਵਾਂ ਵਿੱਚ ਤਬਦੀਲੀਆਂ ਲਿਜਾਂਦੀਆਂ ਹਨ।

## 2.1 ਸਿੱਖਣ ਦੇ ਮੰਤਵ

ਇਸ ਇਕਾਈ ਦੇ ਅਧਿਐਨ ਮਗਰੋਂ ਤੁਸੀਂ ਯੋਗ ਹੋਵੋਗੇ :

- ਉਨ੍ਹਾਂ ਸ਼ਕਤੀਆਂ ਦੀ ਪਛਾਣ ਕਰਨ ਦੇ ਜਿਨ੍ਹਾਂ ਸਮਾਜ ਵਿਗਿਆਨ ਪਾਠਕ੍ਰਮ ਦੇ; ਉਗਮਣ ਨੂੰ ਪ੍ਰਭਾਵਤ ਕੀਤਾ।
- ਸਮਾਜ ਵਿਗਿਆਨ ਪਾਠਕ੍ਰਮ ਉੱਪਰ ਬਸਤੀਵਾਦੀ ਵਿਰਸੇ ਦੇ ਪ੍ਰਭਾਵ ਦੀ ਚਰਚਾ ਕਰਨ ਦੇ;
- ਸਮਾਜ ਵਿਗਿਆਨ ਪਾਠ੍ਕ੍ਰਮ ਉੱਪਰ ਰਾਸ਼ਟਵਾਦੀ ਪ੍ਰਭਾਵ ਦੇ ਵਰਨਣ ਦੇ;
- ਸਮਾਜ ਵਿਗਿਆਨ ਪਾਠਕ੍ਰਮ ਉੱਪਰ ਰਾਸ਼ਟਰੀ ਏਕੀਕਰਣ ਤੇ ਅੰਤਰਰਾਸ਼ਟਰੀ ਆਦਰਸ਼ਾਂ ਦੇ ਪ੍ਰਭਾਵ ਦੀ ਵਿਆਖਿਆ ਕਰਨ ਦੇ;
- ਸਮਾਜ ਵਿਗਿਆਨ ਪਾਠਕ੍ਰਮ ਉੱਪਰ ਧਰਮਨਿਰਪੇਖਤਾ - ਫਿਰਕਾਪ੍ਰਸਤੀ ਚਰਚਾ ਦੇ ਪ੍ਰਭਾਵ ਦੀ ਵਿਆਖਿਆ ਕਰਨ ਦੇ।
- ਸਮਾਜ ਵਿਗਿਆਨ ਪਾਠਕ੍ਰਮ ਉੱਪਰ ਮਾਤਹਿਤ ਪਰਿਪੇਖ ਦੇ ਪ੍ਰਭਾਵ ਦੀ ਵਿਆਖਿਆ ਦੇ;
- ਸਮਾਜ ਵਿਗਿਆਨ ਪਾਠਕ੍ਰਮ ਉੱਪਰ ਲਿੰਗ, ਜਾਤੀ ਅਤੇ ਕਬਾਇਲੀ ਪਰਿਪੇਖਾਂ ਦੇ ਪ੍ਰਭਾਵ ਦੀਆਂ ਮਿਸਾਲਾਂ ਦੇਣ ਦੇ;
- ਰਾਸ਼ਟਰ ਪੱਧਰ 'ਤੇ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਵਰਤਮਾਨ ਚਿੰਤਨ ਅਤੇ ਅਮਲ ਦੀ ਵਿਆਖਿਆ ਕਰਨ ਦੇ।
- ਸਮਾਜ ਵਿਗਿਆਨ ਦੇ ਪਾਠਕ੍ਰਮ ਉੱਪਰ ਵਰਤਮਾਨ ਅੰਤਰਰਾਸ਼ਟਰੀ ਪਰਿਪੇਖ ਦੀ ਚਰਚਾ ਕਰਨ ਦੇ।

## 2.2 ਸ਼ਕਤੀਆਂ ਜਿਨ੍ਹਾਂ ਸਮਾਜ ਵਿਗਿਆਨ ਪਾਠਕ੍ਰਮ ਨੂੰ ਪ੍ਰਭਾਵਤ ਕੀਤਾ

ਕਈ ਸ਼ਕਤੀਆਂ - ਵਿਚਾਰ, ਵਿਚਾਰਧਾਰਾਵਾਂ, ਘਟਨਾਵਾਂ ਅਤੇ ਵਾਰਦਾਤਾਂ, ਅੰਦੋਲਤ ਅਤੇ ਕ੍ਰਾਂਤੀਆਂ, ਝਗੜੇ ਅਤੇ ਸੰਬੰਧਨ, ਵਾਤਾਵਰਣ ਅਤੇ ਸਰੋਤ ਨੇ ਸਮਾਜ ਵਿਗਿਆਨ ਦੇ ਪਾਠਕ੍ਰਮ ਨੂੰ ਆਕਾਰ ਦਿੱਤਾ। ਪਹਿਲੀ ਗੱਲ ਇਹ ਕਿ ਸਮਾਜ ਵਿਗਿਆਨ ਅੰਗ੍ਰੇਜ਼ੀ ਸਿੱਖਿਆ ਪ੍ਰਣਾਲੀ ਦੇ ਭਾਰਤ ਵਿੱਚ 19ਵੀਂ ਸਦੀ

ਨੋਟ

ਵਿੱਚ ਸ਼ੁਰੂ ਹੋਣ ਤੋਂ ਪਹਿਲਾ ਇੱਕ ਵੱਖਰੀ ਸਿੱਖਿਆ ਸ਼ਾਖਾ ਨਹੀਂ ਸੀ। ਬਸਤੀਵਾਦੀ ਸ਼ਾਸਕਾਂ ਨੇ ਅਜਿਹੇ ਕੋਰਸ ਦੀ ਰੂਪਰੇਖਾ ਤਿਆਰ ਕੀਤੀ ਜਿਹੜੀ ਕਿ ਅੰਗ੍ਰੇਜ਼ਾਂ ਅਤੇ ਕੁਝ ਭਾਰਤੀਆਂ ਨੂੰ ਭਾਰਤ ਅਤੇ ਇਸ ਦੇ ਲੋਕਾਂ ਬਾਰੇ ਕਾਰਜਸ਼ੀਲ ਗਿਆਨ ਪ੍ਰਦਾਨ ਕਰੇਗਾ ਤਾਂ ਜੋ ਉਹ ਇੱਕ ਬਸਤੀਵਾਦੀ ਸਰਕਾਰ ਵਿੱਚ ਨਿਪੁੰਨ ਅਫਸਰ ਅਤੇ ਕਲਰਕ ਬਣ ਸਕਣ। ਇਸ ਸਮੇਂ ਦੌਰਾਨ ਰਾਸ਼ਟਵਾਦੀ ਆਦਰਸ਼ਾਂ, ਲੋਕਾਚਾਰ ਅਤੇ ਭਾਰਤੀ ਸੁਤੰਤਰਤਾ ਸੰਗਰਾਮ ਦੇ ਆਦਰਸ਼ ਅਤੇ ਲੋਕਤਾਂਤਰਿਕ ਭਾਰਤ ਦੇ ਸੰਵਿਧਾਨ ਵਿੱਚ ਦਰਸਾਈਆਂ ਕਦਰਾਂ ਕੀਮਤਾਂ ਨੇ ਉਨ੍ਹਾਂ ਨਿਰਣਿਆਂ ਨੂੰ ਪ੍ਰਭਾਵਤ ਕੀਤਾ ਜਿਨ੍ਹਾਂ ਨੂੰ ਕਿ ਸਮਾਜ ਵਿਗਿਆਨ ਪ੍ਰਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਣਾ ਸੀ। ਭਾਰਤ ਦੀ ਵਿਸ਼ਾਲ ਵਿਜਾਤੀ ਆਬਾਦੀ ਉਨ੍ਹਾਂ ਦਾ ਵਿਕਾਸ ਅਤੇ ਸਮਾਜ - ਆਰਥਕ ਸਥਿਤੀ, ਸਮਾਜਕ ਉਥਲਪੁਥਲ ਅਤੇ ਮਤਭੇਦਾਂ ਨੇ ਵੀ ਇਸ ਵਿਦਿਆ ਸ਼ਾਖਾ ਉੱਪਰ ਆਪਣਾ ਠੱਪਾ ਲਾਇਆ ਹੈ। ਵਾਤਾਵਰਣ, ਸਰੋਤ, ਰਾਜਨੀਤੀ, ਸੱਤਾ ਸੰਘਰਸ਼ ਅਤੇ ਮਨੁੱਖੀ ਸਰੋਕਾਰ ਸਮਾਜ ਵਿਗਿਆਨ ਵਿੱਚ ਵੀ ਚਿੰਤਨ ਯੋਗ ਹੋ ਗਏ। ਦੇਸ਼ ਨੇ ਕਈ ਉੱਭਰ ਰਹੇ ਮੁੱਦਿਆਂ ਦਾ ਸਾਹਮਣਾ ਕੀਤਾ ਜਿਵੇਂ ਕਿ ਆਬਾਦੀ ਵਿਸਫੋਟ, ਗਰੀਬੀ, ਸਮਦ੍ਰਿਸ਼ਟੀ, ਸ਼ੋਸ਼ਣ, ਵਿਕਾਸ ਅਤੇ ਸਮਾਵੇਸ਼ ਆਦਿ। ਇਨ੍ਹਾਂ ਸਾਰੇ ਸੰਬੰਧਨਾਂ (ਸਰੋਕਾਰਾਂ) ਨੇ ਉਸ ਸਭ ਕਾਸੇ ਨੂੰ ਪ੍ਰਭਾਵਤ ਕੀਤਾ ਜਿਹੜਾ ਕਿ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਸਿਖਾਇਆ ਅਤੇ ਪੜ੍ਹਿਆ ਜਾਂਦਾ ਹੈ।

### 2.2.1 ਬਸਤੀਵਾਦੀ ਵਿਰਸਾ ਅਤੇ ਰਾਸ਼ਟਰਵਾਦੀ ਪਰਿਪੇਖ

ਬਸਤੀਵਾਦੀ ਕਾਲ ਨੇ ਭਾਰਤ ਵਿੱਚ ਸਮਾਜ ਵਿਗਿਆਨ ਪਾਠਕ੍ਰਮ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ। ਇਹ ਉਹ ਸਮਾਂ ਸੀ ਜਦੋਂ ਸਮਾਜ ਵਿਗਿਆਨ ਇੱਕ ਵੱਖਰੀ ਸਿੱਖਿਆ ਸ਼ਾਖਾ ਦੇ ਤੌਰ 'ਤੇ ਉਭਰਨੀ ਸ਼ੁਰੂ ਹੋ ਗਈ ਅਤੇ ਇਸ ਦੀ ਪਾਠਕ੍ਰਮ ਵਿਸ਼ਾ-ਵਸਤੂ ਦੀ ਚੋਣ ਕੀਤੀ ਜਾਂਦੀ ਸੀ। ਇਹ ਸਵੀਕਾਰ ਕਰਨਾ ਲਾਜ਼ਮੀ ਹੈ ਕਿ ਇਹ ਅੰਗ੍ਰੇਜ਼ ਹੀ ਸੀ ਜਿਨ੍ਹਾਂ ਸਭ ਤੋਂ ਪਹਿਲਾਂ ਭਾਰਤ ਦਾ ਇਤਿਹਾਸ ਲਿੱਖਿਆ। ਇਹ ਇੱਕ ਵਾਰ ਫੇਰ ਬਸਤੀਵਾਦੀ ਸ਼ਾਸਕ ਸਨ ਜਿਨ੍ਹਾਂ ਭਾਰਤ ਦੀ ਲੰਬਾਈ ਅਤੇ ਸਰਵੇਖਣ ਅਤੇ ਮਰਦਮਸ਼ੁਮਾਰੀ ਦੀਆਂ ਆਧੁਨਿਕ ਵਿਗਿਆਨਕ ਵਿਧੀਆਂ ਦੀ ਵਰਤੋਂ ਕਰਕੇ ਉਜਾਗਰ ਕੀਤਾ। ਇਨ੍ਹਾਂ ਸਾਰਿਆ ਨੇ ਤੱਥਾਂ, ਅੰਕੜਿਆਂ ਅਤੇ ਆਕਾਰ ਦਾ ਇੱਕ ਸੰਪੂਰਣ ਦਾਇਰਾ ਉਤਪੰਨ ਕੀਤਾ, ਜਿਹੜਾ ਕਿ ਹੁਣ ਤੱਕ ਭਾਰਤ ਅਤੇ ਦੁਨੀਆ ਨੂੰ ਅਗਿਆਤ ਸੀ। ਭਾਰਤ ਅਤੇ ਇਸ ਦੇ ਲੋਕ ਇੱਕ ਨਵੀਂ ਰੋਸ਼ਨੀ ਹੇਠ ਉੱਭਰੇ। ਬਸਤੀਵਾਦੀ ਸ਼ਾਸਕਾਂ ਨੇ ਇਸ ਸਮਰਿੱਧ ਗਿਆਨ ਨੂੰ ਆਪਣੇ ਮਨੋਰਥ ਅਤੇ ਮੰਤਵ ਨਾਲ ਰਲਾ ਲਿਆ ਤਾਂ ਜੋ ਆਪਣੇ ਆਪ ਨੂੰ ਅਨਿਵਾਰੀ ਤਹਿਜੀਬਯਾਫਤਾ ਸ਼ਾਸਕ ਦੇ ਤੌਰ 'ਤੇ ਪੇਸ਼ ਕਰ ਸਕਣ, ਜਿਹੜੇ ਕਿ ਅਸਲ ਵਿੱਚ ਦੇਸ਼ ਲਈ ਲਾਹੇਵੰਦ ਹਨ ਅਤੇ ਸਮਾਜ ਵਿਗਿਆਨ ਪਾਠਕ੍ਰਮ ਲਈ ਵਿਸ਼ਾ ਸੂਚੀ ਦਾ ਸੰਯੋਜਨ ਤਿਆਰ ਕੀਤਾ ਜਾ ਸਕੇ।

ਤੁਸੀਂ ਸਿੰਧੂ ਘਾਟੀ ਦੀ ਸੱਭਿਅਤਾ ਬਾਰੇ ਲਾਜ਼ਮੀ ਪੜ੍ਹਿਆ ਹੋਵੇਗਾ। ਸਿੰਧੂ ਘਾਟੀ ਸੱਭਿਅਤਾ ਭਾਰਤੀ ਉੱਪ ਮਹਾਂਦੀਪ ਦੇ ਉੱਤਰੀ-ਪੱਛਮੀ ਭਾਗ ਵਿੱਚ 3300 ਬੀ ਸੀ ਈ ਤੋਂ 1300 ਬੀ ਸੀ ਈ ਤੱਕ ਵੱਧੀ-ਫੁੱਲੀ ਅਤੇ ਜਿਸ ਨੂੰ ਭਾਰਤ ਵਿੱਚ ਪਹਿਲੀ ਪ੍ਰਮੁੱਖ ਸੱਭਿਅਤਾ ਦੇ ਤੌਰ 'ਤੇ ਵਿਚਾਰਿਆ ਜਾਂਦਾ ਹੈ। ਇਸ ਪ੍ਰਾਚੀਨ ਸੱਭਿਅਤਾ ਕੋਲ ਤਕਨੀਕੀ ਤੌਰ 'ਤੇ ਅਗਾਊਂ ਅਤੇ ਸੱਭਿਅ ਸ਼ਹਿਰੀ ਸੱਭਿਆਚਾਰ ਦੇ ਤੱਥ ਸੀ। ਆਧੁਨਿਕ ਦੁਨੀਆ ਨੇ ਸਭ ਤੋਂ ਪਹਿਲਾਂ 1826 ਵਿੱਚ ਸਿੰਧੂ ਘਾਟੀ ਸੱਭਿਅਤਾ ਬਾਰੇ ਸਿੱਖਿਆ ਜਦੋਂ ਬਰਤਾਨਵੀ ਫੌਜ ਦਾ ਭਗੌੜਾ, ਚਾਰਲਸ ਮੈਸਨ ਅੱਜ ਦੇ ਹੜੱਪਾ ਨੇੜੇ ਇੱਕ ਵਿਸ਼ਾਲ ਤਬਾਹ ਸ਼ਹਿਰ ਦੀਆਂ ਭਾਰੀਆਂ ਇੱਟਾਂ ਉੱਪਰ ਲੜਖੜਾਇਆ ਜਿੱਥੋਂ ਪੁਰਾਤਤਵ ਸਥਾਨ ਨੇ ਆਪਣਾ

ਨੋਟ

ਨਾਂਅ ਹਾਸਲ ਕੀਤਾ। 1856 ਅਤੇ 1872 ਵਿਚਾਲੇ ਭਾਰਤ ਦੇ ਪੁਰਾਤਤਵ ਸਰਵੇਖਣ ਦੇ ਨਿਰਦੇਸ਼ਕ ਸਰ ਅਲੈਗਜ਼ੈਂਡਰ ਕਨਿੰਘਮ ਨੇ ਹੜੱਪਾ ਦੇ ਸਥਾਨ 'ਤੇ ਕੁਝ ਛੋਟੀਆਂ ਖੁਦਾਈਆਂ ਕੀਤੀਆਂ। ਰਹਿੰਦ-ਖੂੰਹਦ ਦੇ ਇਰਦ-ਗਿਰਦ ਰਹਿੰਦੇ ਲੋਕਾਂ ਨੇ ਮੌਕੇ ਤੋਂ ਮਿਲੀਆਂ ਇੱਟਾਂ ਨਾਲ ਮਕਾਨ ਬਣਾਉਣ ਤੋਂ ਇਨਕਾਰ ਕਰ ਦਿੱਤਾ। ਮੌਕੇ ਤੋਂ ਮਿਲੀਆਂ ਇੱਟਾਂ ਦੀ ਜਦਕਿ 1865 ਵਿੱਚ ਕਰਾਚੀ-ਲਾਹੌਰ ਦੇ ਨਿਰਮਾਣ ਲਈ ਵਰਤੋਂ ਵੀ ਕੀਤੀ ਗਈ। 1914 ਵਿੱਚ ਸਰ ਜੌਹਨ ਮਾਰਸ਼ਲ, ਜਿਹੜਾ ਵੀ ਭਾਰਤ ਦੇ ਪੁਰਾਤਤਵ ਸਰਵੇਖਣ ਦਾ ਨਿਰਦੇਸ਼ਕ ਸੀ, ਹੜੱਪਾ ਦਾ ਸਰਵੇਖਣ ਕੀਤਾ ਅਤੇ ਇੱਕ ਵਿਸ਼ਾਲ ਅਭਿੱਜ (ਵਾਟਰ ਪਰੂਫ) ਹੌਦੀ ਜਾਂ ਇਸ਼ਨਾਨ ਘਰ ਅਤੇ ਅਨਾਜ ਭੰਡਾਰ ਦੀ ਸ਼ਨਾਖਤ ਕੀਤੀ। ਭਾਰਤ ਦੇ ਪੁਰਾਤਤਵ ਸਰਵੇਖਣ ਦੇ ਇੱਕ ਅਫਸਰ ਆਰ ਡੀ ਬੈਨਰਜੀ ਨੇ 1921-1922 'ਚ ਮੋਹਿੰਜੋ-ਦਾਰੋ ਦੀ ਖੋਜ ਕੀਤੀ। ਇਸ ਤਰ੍ਹਾਂ ਅਸੀਂ ਭਾਰਤ ਦੇ ਮਹਾਨ ਪ੍ਰਾਚੀਨ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ।

ਆਓ ਅਸੀਂ ਭਾਰਤ ਦੇ ਇਤਿਹਾਸ ਤੋਂ ਇੱਕ ਹੋਰ ਮਿਸਾਲ ਲਈਏ। ਸਮਰਾਟ ਅਸ਼ੋਕ ਨੂੰ ਦੁਨੀਆ ਦੇ ਇਤਿਹਾਸ ਵਿੱਚ ਸਭ ਤੋਂ ਵਧੇਰੇ ਮਿਸਾਲੀ ਸ਼ਾਸਕਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਬਰਤਾਨਵੀ ਇਤਿਹਾਸਕਾਰ ਐਚ ਜੀ ਵੈਲਜ਼ ਲਿੱਖਦਾ ਹੈ, "ਸਮਰਾਟਾਂ ਦੇ ਹਜ਼ਾਰਾਂ ਨਾਵਾਂ ਵਿਚਕਾਰ ਜਿਹੜੇ ਕਿ ਇਤਿਹਾਸ ਦੇ ਕਾਲਮਾਂ 'ਚ ਠਸਾਠਸ ਭਰੇ ਹੋਏ ਹਨ... ਅਸ਼ੋਕ ਦਾ ਨਾਮ ਚਮਕਦਾ ਹੈ ਅਤੇ ਲਗਭਗ ਇੱਕਲਾ ਚਮਕਦਾ ਹੈ, ਇੱਕ ਸਿਤਾਰਾ।" ਪ੍ਰੰਤੂ ਅਸ਼ੋਕਾ ਅਤੇ ਉਸ ਦੀਆਂ ਗਤੀਵਿਧੀਆਂ ਨਜ਼ਾਕਤ ਨਾਲ ਅਗਿਆਤ ਸਨ, ਸਿਵਾਇ ਲੋਕ ਕਥਾਵਾਂ ਵਿੱਚ ਉਸ ਦੇ ਬਾਰੇ, ਜ਼ਿਆਦਾਤਰ ਬੁੱਧ ਸਾਹਿਤ ਵਿੱਚ, ਜਿਹੜਾ ਇਤਿਹਾਸਕ ਦਰੁਸਤੀ ਅਤੇ ਨਿਸ਼ਚਿਤਤਾ ਦੀ ਕਮੀ ਦਰਸਾਉਂਦਾ ਹੈ। 1837 ਵਿੱਚ ਜੇਮਜ਼ ਪ੍ਰਿੰਸੈਪ ਦਿੱਲੀ ਵਿਖੇ ਇੱਕ ਵਿਸ਼ਾਲ ਪੱਥਰ ਦੇ ਖੰਭੇ ਉੱਪਰ ਇੱਕ ਪ੍ਰਾਚੀਨ ਉਕਰੇ ਸ਼ਬਦਾਂ ਨੂੰ ਬੁੱਝਣ ਵਿੱਚ ਕਾਮਯਾਬ ਹੋ ਗਿਆ। ਪ੍ਰਿੰਸੈਪ ਦੀ ਕਾਮਯਾਬੀ ਕਈ ਹੋਰ ਸ਼ਿਲਾਲੇਖਾਂ ਵਿੱਚ ਦਿਲਚਸਪੀ ਵੱਲ ਲੈ ਕੇ ਗਈ, ਜਿਨ੍ਹਾਂ ਬਾਰੇ ਕੁਝ ਸਮੇਂ ਤੋਂ ਪਤਾ ਲੱਗਾ ਸੀ। ਇਹ ਸ਼ਿਲਾਲੇਖ ਜਿਹੜੇ ਕਿ ਪੂਰੇ ਭਾਰਤ (ਅਤੇ ਪਾਕਿਸਤਾਨ, ਅਫਗਾਨਿਸਤਾਨ ਅਤੇ ਨੇਪਾਲ) ਵਿੱਚ ਖਿੰਡੇ ਪਏ ਸਨ, ਜਿਹੜੇ ਕਿ ਸ਼ਿਲਾ ਫਰਮਾਨਾ ਦੀ ਇੱਕ ਲੜੀ ਸਾਬਤ ਹੋਈ ਅਤੇ ਇੱਕ ਰਾਜੇ ਵੱਲੋਂ ਜਾਰੀ ਕੀਤੀ ਗਈ ਸੀ ਜਿਹੜਾ ਆਪਣੇ ਆਪ ਨੂੰ 'ਦੇਵਤਿਆਂ ਦਾ ਪਿਆਰਾ' ਅਖਵਾਉਂਦਾ ਸੀ, ਰਾਜਾ 'ਪਿਆਦਾਸੀ' ਸੀ। ਇਸ 'ਦੇਵਤਿਆਂ ਦੇ ਪਿਆਰੇ ਰਾਜਾ ਪਿਆਦਾਸੀ' ਦੀ ਸਮਰਾਟ ਅਸ਼ੋਕ ਨਾਲ ਸ਼ਨਾਖਤ ਇੱਕ ਹੋਰ ਸ਼ਿਲਾਲੇਖ ਦੀ ਖੋਜ ਨਾਲ 1915 ਵਿੱਚ ਹੋਈ। ਇਨ੍ਹਾਂ ਤਸਦੀਕਸ਼ੁਦਾ ਪੁਰਾਤਤਵੀ ਅਤੇ ਇਤਿਹਾਸਕ ਜਤਨਾ ਕਾਰਣ ਅਸੀਂ ਅਸ਼ੋਕ ਦੇ ਪ੍ਰਭਾਵਸ਼ਾਲੀ ਜੀਵਨ, ਪ੍ਰਾਪਤੀਆਂ ਅਤੇ ਗੁਣਵੱਤਾ ਬਾਰੇ ਜਾਣੂ ਹੋਏ। ਬਸਤੀਵਾਦੀ ਸ਼ਾਸਨ ਦੌਰਾਨ ਇਹ ਅਤੇ ਅਜਿਹੀਆਂ ਹੋਰ ਖੋਜਾਂ ਨੇ ਭਾਰਤੀ ਇਤਿਹਾਸ ਬਾਰੇ ਧਾਰਣਾਵਾਂ ਬਦਲ ਦਿੱਤੀਆਂ। ਉਪਰੋਕਤ ਦੋ ਮਿਸਾਲਾਂ ਤੋਂ ਤੁਸੀਂ ਕੀ ਸਿੱਟਾ ਕੱਢਦੇ ਹੋ?

ਕੁਝ ਅੰਗ੍ਰੇਜ਼ ਪ੍ਰਸ਼ਾਸਕਾਂ ਅਤੇ ਅਫਸਰਾਂ ਨੇ ਭਾਰਤ ਦਾ ਇਤਿਹਾਸ ਲਿੱਖਣ ਦੀ ਸਚੇਤ ਕੋਸ਼ਿਸ਼ ਕੀਤੀ। 1784 ਵਿੱਚ ਵਾਰਨ ਹੇਸਟਿੰਗਜ਼ ਨੇ ਈਸਟ ਇੰਡੀਆ ਕੰਪਨੀ ਦੇ ਇੱਕ ਅਫਸਰ ਸਰ ਵਿਲਿਅਮ ਜੋਨਜ਼ ਨੂੰ ਕਲਕੱਤਾ ਹਾਈਕੋਰਟ ਦਾ ਚੀਫ ਜਸਟਿਸ ਨਿਯੁਕਤ ਕੀਤਾ ਅਤੇ ਉਸ ਨੂੰ ਭਾਰਤ ਦਾ ਇਤਿਹਾਸ ਲਿੱਖਣ ਦਾ ਹੁਕਮ ਦਿੱਤਾ। ਵਿਲਿਅਮ ਜੋਨਜ਼, ਜਿਹੜਾ ਕਿ ਬੁੱਧੀਜੀਵੀ ਪ੍ਰਬੀਨਤਾ ਵਾਲਾ ਵਿਅਕਤੀ ਸੀ, ਨੇ ਤੁਰੰਤ ਬੰਗਾਲ ਦੀ ਏਸ਼ੀਆਟਿਕ ਸੋਸਾਇਟੀ ਦੀ ਸ਼ੁਰੂਆਤ ਕੀਤੀ ਅਤੇ ਇਸ ਦੀ ਤਰਫੋਂ ਭਾਰਤੀ ਇਤਿਹਾਸ ਲਿੱਖਣ ਦਾ ਕਾਰਜ ਸੌਂਪਿਆ। ਵਿਲਿਅਮ ਜੋਨਜ਼ ਵੱਲੋਂ ਕੀਤੇ ਜਤਨਾਂ ਨੂੰ ਕਈ ਉਤਸ਼ਾਹੀਆਂ

ਦਾ ਸਾਥ ਮਿਲਿਆ। ਉਸ ਦੇ ਜਤਨਾਂ ਨੇ 'ਏਸ਼ੀਆਟਿਕ ਰਿਸਰਚਰਜ਼' ਨਾਂਅ ਦਾ ਮਿਆਦੀ ਜਰਨਲ (ਰਸਾਲਾ) ਪਰਿਣਾਮਤ ਕੀਤਾ, ਜਿਹੜਾ ਕਿ 1788 ਵਿੱਚ ਸ਼ੁਰੂ ਹੋਇਆ। ਇਸ ਜਰਨਲ ਨੇ ਸੁਸਾਇਟੀ ਵੱਲੋਂ ਕੀਤੀਆਂ ਖੋਜਾਂ ਅਤੇ ਸਰਵੇਖਣਾਂ ਨੂੰ ਲੋਕਾਂ ਸਾਹਮਣੇ ਲਿਆਂਦਾ ਤਾਂ ਜੋ ਲੋਕਾਂ ਨੂੰ ਭਾਰਤ ਦੀ ਪ੍ਰਾਚੀਨ ਦੌਲਤ ਬਾਰੇ ਜਾਗਰੂਕ ਕੀਤਾ ਜਾ ਸਕੇ। ਨਿਰੰਤਰ ਦੇ ਕਾਰਜ ਨੇ ਛੇਤੀ ਹੀ ਕਈ ਪ੍ਰਾਚੀਨ ਵਸਤਾਂ ਅਤੇ ਹੋਰ ਰਹਿੰਦ-ਖੂੰਹਦ ਨੂੰ ਪ੍ਰਕਾਸ਼ 'ਚ ਲਿਆਂਦਾ। ਬਾਅਦ ਵਿੱਚ ਅਜਿਹੀਆਂ ਹੀ ਸੁਸਾਇਟੀਆਂ ਬੰਬਈ (ਮੁੰਬਈ) ਅਤੇ ਮਦਰਾਸ (ਚੇਨੰਈ) ਵਿਖੇ ਸਥਾਪਤ ਕੀਤੀਆਂ ਗਈਆਂ। 1833 ਵਿੱਚ ਜੇਮਜ਼ ਪ੍ਰਿੰਸ ਏਸ਼ੀਆਟਿਕ ਸੁਸਾਇਟੀ ਦਾ ਸੈਕਟਰੀ ਬਣਿਆ। ਉਸ ਦੀ ਸਭ ਤੋਂ ਵੱਡੀ ਪ੍ਰਾਪਤੀ 1834-1837 ਦਰਮਿਆਨ ਬ੍ਰਹਮੀ ਅਤੇ ਖਾਰੋਸ਼ਖੀ ਲਿਪੀਆਂ ਦਾ ਗੁਪਤਲੇਖ ਵਾਚਣ ਅਤੇ ਪਿਆਦਾਸੀ ਦੀ ਅਸ਼ੋਕ ਨਾਲ ਸ਼ਨਾਖਤ ਸੀ। ਬੰਗਾਲ ਦੀ ਏਸ਼ੀਆਟਿਕ ਸੁਸਾਇਟੀ ਦਾ ਭਾਰਤੀ ਇਤਿਹਾਸ ਦੀ ਪੁਨਰਰਚਨਾ ਵਿੱਚ ਅਹਿਮ ਯੋਗਦਾਨ ਅੱਜ ਸਾਰੇ ਚੰਗੀ ਤਰ੍ਹਾਂ ਜਾਣਦੇ ਹਨ। ਬਸਤੀਵਾਦੀ ਦੌਰ ਨੇ ਪੁਰਾਤਤਵੀ ਰਹਿੰਦ-ਖੂੰਹਦ ਨੂੰ ਲੱਭਣ ਅਤੇ ਸਮਝਣ ਦੇ ਕਈ ਹੰਭਲਿਆਂ ਨੂੰ ਵੇਖਿਆ ਜਿਨ੍ਹਾਂ ਭਾਰਤੀ ਇਤਿਹਾਸ ਦੀ ਪੁਨਰਰਚਨਾ ਨੂੰ ਅਗਾਂਹ ਤੋਰਿਆ। ਪੂਰਣ ਪੈਮਾਣੇ 'ਤੇ ਪੁਰਾਤਤਵੀ ਸਰਵੇਖਣਾਂ ਨੂੰ ਉਦੋਂ ਹੱਲਾਸ਼ੇਰੀ ਮਿਲੀ ਜਦੋਂ ਬੰਗਾਲ ਇੰਜੀਨੀਅਰਜ਼ ਦੇ ਸੈਕਿੰਡ ਲੈਫਟੀਨੈਂਟ ਕਨਿੰਘਮ ਨੂੰ ਦਸੰਬਰ 1861 ਤੋਂ ਪਹਿਲਾਂ ਪੁਰਾਤਤਵੀ ਸਰਵੇਅਰ ਨਿਯੁਕਤ ਕੀਤਾ ਗਿਆ। 'ਭਾਰਤ ਦਾ ਪੁਰਾਤਤਵੀ ਸਰਵੇ' ਬਾਅਦ ਵਿੱਚ ਸਰਕਾਰ ਦਾ ਇੱਕ ਵਿਲੱਖਣ ਮਹਿਕਮਾ ਬਣ ਗਿਆ ਅਤੇ ਭਾਰਤ ਵਿੱਚ ਪੁਰਾਤਤਵੀ ਸਰਵੇਖਣ ਅਤੇ ਸੰਭਾਲ ਗਤੀਵਿਧੀਆਂ ਦੀ ਅਗਵਾਈ ਕੀਤੀ।

ਜੇਮਜ਼ ਮਿਲ ਨੂੰ ਭਾਰਤ ਦਾ ਪਹਿਲਾ ਵਿਸਤ੍ਰਿਤ ਇਤਿਹਾਸ ਲਿੱਖਣ ਦਾ ਸਿਹਰਾ ਜਾਂਦਾ ਹੈ, ਹਾਲਾਂਕਿ ਉਹ ਕਦੇ ਵੀ ਭਾਰਤ ਨਹੀਂ ਆਇਆ, ਇਤਿਹਾਸ ਲਿੱਖਣ ਸਮੇਂ ਜੋ ਉਸ ਨੇ ਸੋਚਿਆ, ਉਸ ਨੂੰ ਵਧੇਰੇ ਯਥਾਰਥਕ ਬਣਾਇਆ। ਉਸ ਨੇ 1806 ਵਿੱਚ ਆਪਣਾ ਕਾਰਜ ਸ਼ੁਰੂ ਕੀਤਾ ਅਤੇ 1818 ਵਿੱਚ 'The History of British India' ਦੀ ਪ੍ਰਕਾਸ਼ਨਾ ਨਾਲ ਖਤਮ ਕੀਤਾ। ਕਈ ਹੋਰ ਬ੍ਰਿਟਿਸ਼ ਪ੍ਰਸ਼ਾਸਕਾਂ ਅਤੇ ਅਫਸਰਾਂ ਨੇ ਭਾਰਤ ਦਾ ਇਤਿਹਾਸ ਲਿੱਖਣ ਵਿੱਚ ਆਪਣਾ ਹੱਥ ਅਜਮਾਇਆ। ਇਨ੍ਹਾਂ ਵਿੱਚੋਂ ਕੁਝ ਹਨ : ਮੇਜਰ ਜਨਰਲ ਜੌਹਨ ਮੈਲਕਮ (ਕੇਂਦਰੀ ਭਾਰਤ ਦੀ ਇੱਕ ਯਾਦਗਾਰ, 1824), ਕੈਪਟਨ ਗ੍ਰਾਂਟ ਡੱਫ (ਮਰਾਠਿਆਂ ਦਾ ਇਤਿਹਾਸ, 1826); ਜਨਰਲ ਬ੍ਰਿਗਸ (ਭਾਰਤ ਵਿੱਚ ਮੁਹੰਮਦਨ ਸ਼ਕਤੀ ਦੇ ਉਭਾਰ ਦਾ ਇਤਿਹਾਸ, 1829); ਮਾਉਂਟ ਸਟੁਆਰਟ ਐਲਫਿੰਸਟੋਨ (ਭਾਰਤ ਦਾ ਇਤਿਹਾਸ 1841) ਅਤੇ ਜੋਸਫ ਕੰਨਿੰਘਮ (ਸਿੱਖਾਂ ਦਾ ਇਤਿਹਾਸ 1849) ਮੁੱਖ ਹਨ। ਇਹ ਪੁਸਤਕਾਂ ਛੇਤੀ ਹੀ ਭਾਰਤ ਅਤੇ ਵਿਦੇਸ਼ਾ ਵਿੱਚ ਆਮ ਲੋਕਾਂ ਲਈ ਭਾਰਤੀ ਇਤਿਹਾਸ ਦੀ ਜਾਣਕਾਰੀ ਅਤੇ ਗਿਆਨ ਦੇ ਪ੍ਰਮਾਣਕ ਸਰੋਤ ਬਣ ਗਏ। ਜਦੋਂ ਦੇਸ਼ ਵਿੱਚ ਅੰਗ੍ਰੇਜ਼ੀ ਸਿੱਖਿਆ ਪ੍ਰਣਾਲੀ ਸ਼ੁਰੂ ਕੀਤੀ ਗਈ, ਸਮਾਜ ਵਿਗਿਆਨ ਪਾਠਕ੍ਰਮ ਨੇ ਭਾਰਤ ਦਾ ਇਤਿਹਾਸ ਉਹੀ ਵਰਤਿਆ ਜਿਵੇਂ ਕਿ ਬ੍ਰਿਟਿਸ਼ ਲੇਖਕਾਂ ਨੇ ਲਿੱਖਿਆ ਸੀ।

ਈਸਟ ਇੰਡੀਆ ਕੰਪਨੀ ਨੇ 1767 ਵਿੱਚ ਦੇਸ਼ ਨੂੰ ਟੁਕੜਾ-ਟੁਕੜਾ ਗਾਖਣ ਲਈ ਅਤੇ ਫੌਜੀ ਦੇ ਨਾਲ-ਨਾਲ ਜਨਤਕ ਮੰਤਵਾਂ ਲਈ ਮੈਪਿੰਗ ਕਿਰਿਆ ਵਾਸਤੇ 'ਸਰਵੇ ਆਫ ਇੰਡੀਆ' ਦੀ ਸਥਾਪਨਾ ਕੀਤੀ। ਸਰਵੇਖਣ ਭਾਰਤੀ ਭੂਮੀ ਅਤੇ ਸਰੋਤਾਂ ਬਾਰੇ ਜਾਣਕਾਰੀ ਦਾ ਸਮਰਿੱਧ ਵਸੀਲਾ ਬਣ ਗਿਆ। ਅਜਿਹੀ ਜਾਣਕਾਰੀ ਵਪਾਰ ਅਤੇ ਵਣਜ, ਪ੍ਰਸ਼ਾਸਨ, ਵਿਕਾਸ ਯੋਜਨਾ ਲਈ ਪ੍ਰਾਕਿਰਤਕ ਵਸੀਲਿਆਂ ਦੀ ਵਰਤੋਂ ਲਈ ਅਨਿਵਾਰੀ ਹੋ ਗਿਆ। ਦੇਸ਼ ਦੇ ਸਰਵੇਖਣ ਦੁਆਰਾ ਉਤਪੰਨ ਗਿਆਨ ਅਤੇ ਜਾਣਕਾਰੀ ਨੇ ਭਾਰਤ ਅਤੇ ਇਸ ਦੇ ਲੋਕਾਂ ਬਾਰੇ ਨਵੀਂ ਸਮਝ (ਜਾਣਕਾਰੀ) ਪ੍ਰਦਾਨ ਕੀਤੀ। ਕੀ ਤੁਸੀਂ ਈਸਟ

ਨੋਟ

ਇੰਡੀਆ ਕੰਪਨੀ ਦਾ ਭਾਰਤ ਦਾ ਸਰਵੇਖਣ ਕਰਨ ਦਾ ਮਨੋਰਥ ਅਨੁਮਾਨ ਕਰ ਸਕਦੇ ਹੋ? ਸਮਾਜ ਵਿਗਿਆਨ ਪਾਠਕ੍ਰਮ ਅੱਜ ਵਿਦਿਆਰਥੀਆਂ ਨੂੰ ਉਸ ਸਥਾਨ ਜਿੱਥੇ ਉਹ ਵੱਸਦੇ ਹਨ - ਭਾਰਤ ਦੀ ਭੂਮੀ ਅਤੇ ਲੋਕ, ਇਸਦੀਆਂ ਨਦੀਆਂ, ਪਹਾੜ, ਜੰਗਲਾਤ, ਖੇਤੀਬਾੜੀ, ਆਰਥਕ ਸਥਿਤੀ, ਆਬਾਦੀ, ਧਰਮ, ਸਰਕਾਰ ਅਤੇ ਕਈ ਹੋਰ ਵਿਸ਼ੇਸ਼ਤਾਈਆਂ ਨੂੰ ਸਮਝ ਦੇ ਕਾਬਲ ਬਣਾਉਣ 'ਤੇ ਕੇਂਦਰਤ ਹੁੰਦੇ ਹਨ। ਗਿਆਨ ਅਤੇ ਮੇਲ-ਮਿਲਾਪ ਦੇ ਇਹ ਖੇਤਰ ਅੱਜਕਲ੍ਹ ਸਮਾਜ ਵਿਗਿਆਨ ਪਾਠਕ੍ਰਮ ਦੇ ਭਾਗ ਹਨ, ਜਿਹੜੇ ਕਿ ਵਿਭਿੰਨ ਵਿਸ਼ਾ ਸਿੱਖਿਆ ਸ਼ਾਖਾਵਾਂ 'ਚ ਉਪਲੱਬਧ ਹਨ ਜਿਵੇਂ ਕਿ ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਆਦਿ।

ਤੁਸੀਂ ਜਾਣਦੇ ਹੋ ਕਿ ਭਾਰਤ ਲੋਕਾਂ ਦੀ ਸਮਰਿੱਧ ਵਿਵਿਧਤਾ ਦਾ ਇੱਕ ਘਰ ਹੈ। ਭਾਰਤ ਦੀ ਮਰਦਮਸ਼ੁਮਾਰੀ ਭਾਰਤ ਦੇ ਲੋਕਾਂ, ਦੇਸ਼ ਵਿੱਚ ਰਹਿ ਰਹੇ ਲੋਕਾਂ ਦੀ ਸੰਖਿਆ, ਲਿੰਗ ਅਨੁਪਾਤ, ਸਾਖਰਤਾ ਅਤੇ ਕਈ ਹੋਰ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਦਾ ਅਹਿਮ ਸਰੋਤ ਬਣ ਚੁੱਕਾ ਹੈ। ਅਜਿਹੀ ਜਾਣਕਾਰੀ ਸਾਡੇ ਸਮਾਜ ਦੀ ਸਪਸ਼ਟ ਜਾਣਕਾਰੀ ਨੂੰ ਵਿਕਸਤ ਕਰਨ ਲਈ ਅਹਿਮ ਨਿਹਿਤ ਭਾਵ ਧਾਰਣ ਕਰਦੀ ਹੈ। ਕੀ ਤੁਸੀਂ ਕਦੇ ਮਰਦਮਸ਼ੁਮਾਰੀ ਨਤੀਜਿਆਂ ਦਾ ਵਿਸ਼ਲੇਸ਼ਣ ਕੀਤਾ ਹੈ? ਮਰਦਮਸ਼ੁਮਾਰੀ ਨੇ ਭਾਰਤੀ ਸਮਾਜ ਬਾਰੇ ਗਿਆਨ ਅਤੇ ਜਾਣਕਾਰੀ ਉਪਲੱਬਧ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਭਾਰਤ ਵਿੱਚ ਪਹਿਲੀ ਮਰਦਮਸ਼ੁਮਾਰੀ 1872 ਵਿੱਚ ਬ੍ਰਿਟਿਸ਼ ਸਰਕਾਰ ਵੱਲੋਂ ਕੀਤੀ ਗਈ ਸੀ। ਅਗਲੀ 1881 ਵਿੱਚ ਕੀਤੀ ਗਈ ਅਤੇ ਉਸ ਤੋਂ ਬਾਅਦ ਹਰੇਕ ਦਸ ਸਾਲਾਂ ਬਾਅਦ ਨਿਯਮਤ ਤੌਰ 'ਤੇ ਮਰਦਮਸ਼ੁਮਾਰੀ ਕੀਤੀ ਜਾਂਦੀ ਹੈ। ਇਸ ਦੇਸ਼ ਵਿੱਚ ਇਨ੍ਹਾਂ ਨਿਰੰਤਰ ਮਰਦਮਸ਼ੁਮਾਰੀਆਂ ਦੁਆਰਾ ਪੈਦਾ ਕੀਤਾ ਗਿਆਨ, ਜਾਣਕਾਰੀ ਅਤੇ ਸਮਝ ਨੇ ਕਈ ਕੀਮਤੀ ਇਨਪੁੱਟ ਪ੍ਰਦਾਨ ਕੀਤਾ ਹੈ (ਸਮਾਜ ਵਿਗਿਆਨ ਪਾਠਕ੍ਰਮ ਲਈ) ਅਤੇ ਇਸ ਪਾਠਕ੍ਰਮ ਨੂੰ ਪ੍ਰਭਾਵਤ ਵੀ ਕੀਤਾ ਹੈ।

1835 ਵਿੱਚ ਅੰਗ੍ਰੇਜ਼ੀ ਸਿੱਖਿਆ ਪ੍ਰਣਾਲੀ ਦੀ ਸ਼ੁਰੂਆਤ ਨੇ ਭਾਰਤੀ ਵਿਦਿਆਰਥੀਆਂ ਨੂੰ ਪੱਛਮੀ ਵਿਗਿਆਨ ਅਤੇ ਤਕਨਾਲੋਜੀ ਦਾ ਅਧਿਐਨ ਦੇ ਯੋਗ ਬਣਾਇਆ ਅਤੇ ਉਨ੍ਹਾਂ ਨੂੰ ਪ੍ਰਕਿਰਤੀ ਅਤੇ ਸਮਾਜ ਦੇ ਅਧਿਐਨ ਲਈ ਵਰਤੀਆਂ ਗਈਆਂ ਕਠਿਨ ਵਿਧੀਆਂ ਦੇ ਜਮਘਟ ਨੂੰ ਨਸ਼ਰ ਕੀਤਾ। ਵੁਡਸ ਡਿਸਪੈਚ (1854) ਨੇ ਦੇਸ਼ ਵਿੱਚ ਸਿੱਖਿਆ ਦੇ ਭਿੰਨ ਪੱਧਰਾਂ ਦੇ ਪ੍ਰਸ਼ਾਸਨ ਅਤੇ ਪ੍ਰਬੰਧਨ ਲਈ ਵਿਸਤਾਰਤ ਵਿਵਸਥਾ ਨਾਲ ਆਧੁਨਿਕ ਸਿੱਖਿਆ ਪ੍ਰਣਾਲੀ ਦੇ ਢਾਂਚੇ ਦੀ ਰਚਨਾ ਲਈ ਕੋਸ਼ਿਸ਼ ਕੀਤੀ। ਬੰਬਈ (ਮੁੰਬਈ), ਕਲਕੱਤਾ (ਕੋਲਕਾਤਾ) ਅਤੇ ਮਦਰਾਸ (ਚੇਨਈ) ਵਿਖੇ ਪਹਿਲੀਆਂ ਤਿੰਨ ਆਧੁਨਿਕ ਯੂਨੀਵਰਸਿਟੀਆਂ ਦੀ ਸਥਾਪਨਾ ਤੁਰੰਤ 1857 ਵਿੱਚ ਹੋਈ। ਬ੍ਰਿਟਿਸ਼ ਸਰਕਾਰ ਪ੍ਰਸ਼ਾਸਨ ਦੀ ਇੱਕ ਪ੍ਰਣਾਲੀ, ਆਵਾਜਾਈ ਅਤੇ ਸੰਚਾਰਣ ਦੀ ਇੱਕ ਨਵੀਂ ਪ੍ਰਣਾਲੀ ਦੀ ਪੇਸ਼ਕਸ਼ ਜਿਵੇਂ ਕਿ ਰੇਲਵੇ ਅਤੇ ਟੈਲੀਗ੍ਰਾਫ ਲਾਈਨਾਂ ਦੀ ਸ਼ੁਰੂਆਤ ਲਈ ਵੀ ਜ਼ਿੰਮੇਵਾਰ ਸੀ, ਕਾਨੂੰਨ ਦੇ ਸ਼ਾਸਨ ਦੀ ਸਥਾਪਨਾ ਅਤੇ ਕਾਰਜਕਾਰੀ ਕਿਰਿਆਵਾਂ ਤੋਂ ਨਿਆਪਾਲਿਕਾ ਨੂੰ ਵੱਖ ਕਰਨਾ ਹੋਰ ਅਹਿਮ ਵਿਕਾਸ ਸਨ। ਸਿੱਟੇ ਵਜੋਂ ਲੜਕੀਆਂ ਦੀ ਸਿੱਖਿਆ, ਸਤੀ ਪ੍ਰਥਾ ਦਾ ਖਾਤਮਾ ਆਦਿ ਦੀਆਂ ਤਜਵੀਜ਼ਾ ਰਾਹੀਂ ਸਮਾਜ ਸੁਧਾਰ ਲਈ ਇੱਕ ਪ੍ਰੋਗ੍ਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਪੜਾਅ ਦੌਰਾਨ ਭਾਰਤੀ ਸੱਭਿਆਚਾਰ ਵਿੱਚ ਵੀ ਇੱਕ ਨਵਿਆਈ ਦਿਲਚਸਪੀ ਪੈਦਾ ਹੋ ਗਈ। ਭਾਰਤ ਦੀਆਂ ਕਈ ਪਵਿੱਤਰ ਅਤੇ ਗਿਆਨ ਦੀਆਂ ਧਰਮਨਿਰਪੇਖ ਪੁਸਤਕਾਂ ਦਾ ਯੂਰਪੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਅਤੇ ਪ੍ਰਕਾਸ਼ਤ ਕੀਤੀਆਂ ਗਈਆਂ, ਜਿਨ੍ਹਾਂ ਭਾਰਤੀ ਸੱਭਿਆਚਾਰ ਉੱਪਰ ਨਵੀਂ ਰੋਸ਼ਨੀ ਪਾਈ। ਜਰਮਨ ਪੂਰਬਵਿਸ਼ੇਸ਼ਗ



ਨੋਟ

ਫਰੀਡਰਿਚ ਮੈਕਸਮੂਲਰ ਨੇ ਇਸ ਸੰਬੰਧੀ ਮੋਹਰੀ ਭੂਮਿਕਾ ਨਿਭਾਈ। ਉਸ ਨੇ ਸਿਰਲੇਖ "Sacred Book of the East" [ਪੂਰਬ ਦੀਆ ਪਵਿੱਤਰ ਪੁਸਤਕਾਂ] ਦੇ ਸਿਰਲੇਖ ਹੇਠ ਇੱਕ ਲੜੀ ਪ੍ਰਕਾਸ਼ਤ ਕੀਤੀ।

ਪੁਰਾਤਤਵ ਵਿਗਿਆਨ, ਇਤਿਹਾਸ, ਸੱਭਿਆਚਾਰ, ਵਿਰਸਾ, ਭਾਰਤ ਦੀ ਜ਼ਮੀਨ ਅਤੇ ਪ੍ਰਾਕਿਰਤਕ ਵਸੀਲਿਆਂ ਦਾ ਸਰਵੇਖਣ, ਆਬਾਦੀ ਦੀ ਗਣਨਾ, ਭਾਰਤੀ ਪ੍ਰਸ਼ਾਸਨ ਵਿੱਚ ਪਰਿਵਰਤਨ, ਸਿੱਖਿਆ, ਆਵਾਜਾਈ ਅਤੇ ਸੰਚਾਰ ਅਤੇ ਸਮਾਜਕ ਸੁਧਾਰ ਗਤੀਵਿਧੀਆਂ ਨੇ ਸਮਾਜ ਵਿਗਿਆਨ ਪਾਠਕ੍ਰਮ ਅਤੇ ਜਿਸ ਢੰਗ ਨਾਲ ਸਮਾਜ ਵਿਗਿਆਨ ਦਾ ਅਧਿਐਨ ਕੀਤਾ ਜਾਂਦਾ ਹੈ, ਨੂੰ ਪ੍ਰਭਾਵਤ ਕੀਤਾ।

## ਰਾਸ਼ਟਰਵਾਦੀ ਵਿਕਲਪ

ਬ੍ਰਿਟਿਸ਼ ਸਰਕਾਰ ਭਾਰਤ ਵਿੱਚ ਉਪਰੋਕਤ ਗਤੀਵਿਧੀਆਂ ਵਿੱਚ ਸਿਰਫ ਦੇਸ਼ ਦੇ ਵਿਕਾਸ ਦੇ ਇੱਕਲੇ ਮੰਤਵ ਲਈ ਹੀ ਵਿਅਸਤ ਨਹੀਂ ਸੀ। ਇਨ੍ਹਾਂ ਵਿੱਚੋਂ ਕਈ ਗਤੀਵਿਧੀਆਂ ਭਾਰਤ ਵਿੱਚ ਬ੍ਰਿਟਿਸ਼ ਰਾਜ ਨੂੰ ਉਚਿਤ ਠਹਿਰਾਉਣ ਵਾਸਤੇ ਵੀ ਸੀ। ਬਸਤੀਵਾਦੀ ਸ਼ਾਸਨ ਭਾਰਤ ਉੱਪਰ ਆਪਣੇ ਸ਼ਾਸਨ ਨੂੰ ਸਥਾਈ ਕਰਨ ਦੇ ਲਈ ਵਿਵੇਕਪੂਰਣ ਤਰਕਾਂ ਨੂੰ ਅਗਾਂਹ ਵਧਾਉਣ ਲਈ ਵੀ ਮੌਕਾ ਤਲਾਸ਼ ਰਹੇ ਸਨ। ਰੁਡੀਯਾਰਡ ਕਿਪਲਿੰਗ ਦਾ 'White Man's Burden' ਸਾਮਰਾਜਵਾਦ ਨੂੰ ਇੱਕ ਕੁਲੀਨ ਉੱਦਮ ਦੇ ਤੌਰ 'ਤੇ ਉਚਿਤ ਠਹਿਰਾਉਣ ਲਈ ਅਜਿਹੇ ਹੰਭਲੇ ਦੇ ਤੌਰ 'ਤੇ ਉਲੇਖ ਕਰਦਾ ਹੈ। ਇਸ ਦਾ ਭਾਵ ਸੀ ਕਿ ਗੋਰਿਆਂ ਨੂੰ ਬਸ਼ਿੰਦਿਆਂ ਦੀ ਭਲਾਈ ਲਈ ਹੋਰਨਾਂ ਰਾਸ਼ਟਰਾਂ ਵਿੱਚ ਬਸਤੀਵਾਦ ਸਥਾਪਤ ਕਰਕੇ ਸ਼ਾਸਨ ਕਰਨਾ ਚਾਹੀਦਾ ਹੈ। ਕਈ ਪੜ੍ਹੇ-ਲਿੱਖੇ ਭਾਰਤੀਆਂ ਵੱਲੋਂ ਧਿਆਨ ਦਿੱਤਾ ਗਿਆ ਕਿ ਭਾਰਤੀ ਸੱਭਿਆਚਾਰ ਅਤੇ ਸਮਾਜ ਨੂੰ ਮਾੜੀ ਹਾਲਤ ਵਿੱਚ ਵਿਖਾਉਣ ਲਈ ਸਚੇਤ ਕੋਸ਼ਿਸ਼ ਕੀਤੀ ਗਈ।

**ਮੈਕਾਲੋ ਲਿੱਖਦਾ ਹੈ :** ਮੈਨੂੰ ਸੰਸਕ੍ਰਿਤ ਜਾਂ ਅਰਬੀ ਦਾ ਕੋਈ ਗਿਆਨ ਨਹੀਂ ਹੈ - ਪ੍ਰੰਤੂ ਮੈਂ ਉਹ ਕੀਤਾ ਜੋ ਮੈਂ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਦੇ ਸਹੀ ਅਨੁਮਾਨ ਦੀ ਰਚਨਾ ਲਈ ਕਰ ਸਕਦਾ ਸੀ। ਮੈਂ ਕਈ ਨਾਮਵਰ ਅਰਬੀ ਅਤੇ ਸੰਸਕ੍ਰਿਤ ਕਿਰਤਾਂ ਦੇ ਅਨੁਵਾਦ ਦਾ ਅਧਿਐਨ ਕੀਤਾ ਹੈ। ਮੈਂ ਇੱਥੇ ਅਤੇ ਇੰਗਲੈਂਡ (ਘਰ) ਵਿੱਚ ਉਨ੍ਹਾਂ ਵਿਅਕਤੀਆਂ ਨਾਲ ਚਰਚਾ ਕੀਤੀ ਜਿਹੜੇ ਕਿ ਪੂਰਬੀ ਭਾਸ਼ਾਵਾਂ ਵਿੱਚ ਆਪਣੀ ਨਿਪੁੰਨਤਾ ਨਾਲ ਵੱਖਰੀ ਪਛਾਣ ਰੱਖਦੇ ਸਨ। ਮੈਂ ਖੁਦ ਪੂਰਬ ਵਿਸ਼ੇਸ਼ਗਾਂ ਦੇ ਮੁਲਾਂਕਣ 'ਤੇ ਪੂਰਬੀ ਸਿਖਲਾਈ ਲੈਣ ਲਈ ਤਿਆਰ-ਬਰ-ਤਿਆਰ ਹਾਂ। ਮੈਂ ਉਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਅਜਿਹਾ ਨਹੀਂ ਪਾਇਆ ਜਿਹੜਾ ਕਿ ਇਹ ਇਨਕਾਰ ਕਰ ਸਕੇ ਕਿ ਇੱਕ ਬਿਹਤਰੀਨ ਯੂਰਪੀ ਲਾਇਬਰੇਰੀ ਦਾ ਇੱਕ ਵੀ ਸ਼ੈਲਫ ਭਾਰਤ ਅਤੇ ਅਰਬੀ ਸਥਾਨਕ ਸਾਹਿਤ ਦੇ ਲਾਇਕ ਹੋਵੇ। ਬੇਸ਼ਕ ਪੱਛਮੀ ਸਾਹਿਤ ਦੀ ਸੁਭਾਵ ਉੱਤਮਤਾ ਨੂੰ ਕਮੇਟੀ ਦੇ ਉਨ੍ਹਾਂ ਮੈਂਬਰਾਂ ਵੱਲੋਂ ਪੂਰੀ ਤਰ੍ਹਾਂ ਸਵੀਕ੍ਰਿਤ ਕੀਤਾ ਗਿਆ ਜਿਹੜੇ 'ਸਿੱਖਿਆ ਦੀ ਪੂਰਬੀ ਯੋਜਨਾ' ਦੀ ਹਮਾਇਤ ਕਰਦੇ ਸਨ (Macaulay's Minutes, 1835)

ਤੁਸੀਂ ਮੈਕਾਲੇ ਦੇ ਇਸ ਕਥਨ ਬਾਰੇ ਕੀ ਸੋਚਦੇ ਹੋ?

**ਸਰੋਤ : Thomas Babington Macaulay, "Minutes on Education", in through Indian Eyes : The Living Tradition, Donald J. Johnson, et al. (New York : CITE Books 1992).**

ਨੋਟ

ਇਤਿਹਾਸ ਲਿੱਖਣ ਅਤੇ ਸਮਾਜਕ ਅਤੇ ਧਾਰਮਿਕ ਅਮਲਾਂ ਦੀ ਵਿਆਖਿਆ ਕਰਨ ਸਮੇਂ ਕਈ ਬ੍ਰਿਟਿਸ਼ ਲੋਕਾਂ ਅਤੇ ਪ੍ਰਕਾਸ਼ਕਾਂ ਨੇ ਭਾਰਤੀ ਜੀਵਨ ਅਤੇ ਸੱਭਿਆਚਾਰ ਵਿੱਚ ਨਾਕਾਰਾਤਮਕ ਤੱਤਾਂ ਨੂੰ ਉਘਾੜਨ ਦੀ ਕੋਸ਼ਿਸ਼ ਕੀਤੀ। ਨਾਲ ਹੀ ਬ੍ਰਿਟਿਸ਼ ਦੀ ਕਾਲਪਨਿਕ ਉੱਤਮਤਾ ਅਤੇ ਯੂਰਪੀ ਢੰਗਾਂ ਨੂੰ ਵੀ ਕਿ ਬ੍ਰਿਟਿਸ਼ ਸ਼ਾਸਨ ਸਹੀ ਭਾਵ ਵਿੱਚ ਭਾਰਤ ਲਈ ਲਾਭਕਾਰੀ ਸੀ। ਭਾਰਤੀ, ਰਾਸ਼ਟਵਾਦੀ ਭਾਵਨਾਵਾਂ ਨਾਲ ਅਜਿਹੀ ਸਥਿਤੀ ਨੂੰ ਬਰਦਾਸ਼ਤ ਨਹੀਂ ਕਰ ਸਕੇ। ਉਹ ਚਾਹੁੰਦੇ ਸਨ ਕਿ ਭਾਰਤੀ ਆਪਣਾ ਇਤਿਹਾਸ ਆਪ ਲਿੱਖਣ ਅਤੇ ਆਪਣੇ ਸੱਭਿਆਚਾਰ ਦੀ ਵਿਆਖਿਆ ਕਰਨ।

**ਕੀ ਤੁਸੀਂ ਸੋਚਦੇ ਹੋ ਕਿ ਇਤਿਹਾਸਕ ਘਟਨਾਵਾਂ ਨੂੰ ਭਿੰਨ ਢੰਗਾਂ ਨਾਲ ਪਰਿਭਾਸ਼ਤ ਕੀਤਾ ਜਾ ਸਕਦਾ ਹੈ, ਤੁਸੀਂ 1857 ਦੇ ਗਦਰ ਨੂੰ ਕਿਵੇਂ ਵਿਆਖਿਆ ਕਰੋਗੇ। ਕੀ ਇਹ ਸਿਰਫ ਇੱਕ 'ਗਦਰ' ਸੀ, ਜਿਵੇਂ ਕਿ ਕਈ ਬ੍ਰਿਟਿਸ਼ ਇਤਿਹਾਸਕਾਰਾਂ ਵੱਲੋਂ ਵਰਨਣ ਕੀਤਾ ਗਿਆ ਹੈ? ਜਾਂ ਫੇਰ ਇਸ ਤੋਂ ਵੱਧ ਸੀ, ਭਾਰਤੀਆਂ ਵੱਲੋਂ ਸੁਤੰਤਰਤਾ ਦੀ ਪਹਿਲੀ ਜੰਗ, ਜਿਵੇਂ ਕਿ ਰਾਸ਼ਟਰਵਾਦੀ ਇਤਿਹਾਸਕਾਰਾਂ ਵੱਲੋਂ ਵਰਨਣ ਕੀਤਾ ਗਿਆ ਸੀ? ਆਪਣੇ ਉੱਤਰ ਦੇ ਪੱਖ ਵਿੱਚ ਤੁਸੀਂ ਕੁਝ ਮਿਸਾਲਾਂ ਵੀ ਦਿਓ।**

ਭਾਰਤੀ ਰਾਸ਼ਟਰਵਾਦੀਆਂ ਨੇ ਭਾਰਤੀ ਇਤਿਹਾਸ ਦੀ ਵਿਆਖਿਆ ਦੇ ਬ੍ਰਿਟਿਸ਼ ਢੰਗ ਪ੍ਰਤਿ ਪ੍ਰਤਿਕਿਰਿਆ ਦਾ ਪ੍ਰਗਟਾਵਾ ਕੀਤਾ, ਭਾਰਤੀ ਸੱਭਿਆਚਾਰ, ਸੱਭਿਅਤਾ ਅਤੇ ਵਿਰਸੇ ਦੀ ਵਿਆਖਿਆ 'ਤੇ ਵੀ ਪ੍ਰਤਿਕਿਰਿਆ ਪ੍ਰਗਟਾਈ। ਉਨ੍ਹਾਂ ਦਾ ਭਾਰਤ ਦੀ ਆਰਥਿਕਤਾ, ਹਿੱਤਾਂ, ਰਾਜਨੀਤਕ ਪ੍ਰੌਢਤਾ ਅਤੇ ਲੋਕਾਂ ਦੀਆਂ ਭਾਵਨਾਵਾਂ ਬਾਰੇ ਭਿੰਨ ਵਿਚਾਰ ਸਨ। ਸਵਾਮੀ ਵਿਵੇਕਾਨੰਦ ਉਨ੍ਹਾਂ ਪਹਿਲੇ ਵਿਅਕਤੀਆ ਵਿੱਚੋਂ ਇੱਕ ਸੀ, ਜਿਨ੍ਹਾਂ ਭਾਰਤੀ ਰਾਸ਼ਟਰੀ ਇਤਿਹਾਸ ਨੂੰ ਉਸੇ ਤਰ੍ਹਾਂ ਲਿੱਖਣ 'ਤੇ ਜ਼ੋਰ ਪਾਇਆ ਜਿਵੇਂ ਭਾਰਤੀ ਅੱਖਾਂ ਨੇ ਵੇਖਿਆ। ਉਨ੍ਹਾਂ ਪ੍ਰੇਖਣ ਕੀਤਾ ਕਿ, ਸਾਡੇ ਦੇਸ਼ ਦਾ ਇਤਿਹਾਸ, ਜਿਹੜਾ ਅੰਗ੍ਰੇਜ਼ੀ ਲੇਖਕਾਂ ਨੇ ਲਿੱਖਿਆ, ਸਾਡੇ ਮਨਾਂ ਨੂੰ ਕਮਜ਼ੋਰ ਨਹੀਂ ਹੋਣ ਦੇ ਸਕਦੇ, ਕਿਉਂਕਿ ਉਨ੍ਹਾਂ ਸਿਰਫ ਸਾਡੇ ਵਤਨ ਬਾਰੇ ਹੀ ਦੱਸਿਆ। ਵਿਦੇਸ਼ੀ, ਜਿਹੜੇ ਸਾਡੀਆਂ ਆਦਤਾਂ ਅਤੇ ਰਿਵਾਜ਼ਾਂ ਜਾਂ ਸਾਡੇ ਧਰਮ ਅਤੇ ਫਲਸਫੇ ਨੂੰ ਨਾਮਾਤਰ ਜਾਣਦੇ ਹੋਣ, ਕਿਵੇਂ ਵਫਾਦਾਰ, ਬਗੈਰ ਪਖਪਾਤ ਦੇ ਭਾਰਤ ਦਾ ਇਤਿਹਾਸ ਲਿੱਖ ਸਕਦੇ ਹਨ ਭਾਰਤੀ ਇਤਿਹਾਸ ਨੂੰ ਲਿੱਖਣਾ ਭਾਰਤੀਆਂ ਦਾ ਕੰਮ ਹੈ। ਰਾਸ਼ਟਰਵਾਦੀਆਂ ਨੇ ਮਹਿਸੂਸ ਕੀਤਾ ਕਿ ਭਾਰਤੀ ਇਤਿਹਾਸ ਦੇ ਬ੍ਰਿਟਿਸ਼ ਲੇਖਕਾਂ ਨੇ ਭਾਰਤ ਉੱਪਰ ਵਿਦੇਸ਼ੀ ਹਮਲਿਆਂ ਨੂੰ ਅਤਿ ਬਲ ਦੇਣ ਦਾ ਜਤਨ ਕੀਤਾ, ਉਨ੍ਹਾਂ ਨਾਲ ਹੀ ਸਮਾਜਕ ਤਾਣੇ-ਬਾਣੇ ਵਿੱਚ ਨਾਕਾਰਾਤਮਕ ਤੱਤ, ਜਿਵੇਂ ਕਿ ਜਾਤੀ ਪ੍ਰਥਾ, ਅਛੂਤਪਣੇ ਦਾ ਅਮਲ, ਬੁੱਧੀਜੀਵੀ ਸੋਚ-ਵਿਚਾਰ ਵਿੱਚ ਵਿਸ਼ਿਸ਼ਟ ਵਰਗ ਦੀ ਪਹੁੰਚ ਅਤੇ ਸੰਸਕ੍ਰਿਤ ਦੀ ਵਰਤੋਂ ਉੱਪਰ ਵੀ। ਉਹ ਅਜਿਹੇ ਵਿਸ਼ਿਆਂ ਉੱਪਰ ਧਿਆਨ ਦੇਣਾ ਭੁੱਲ ਗਏ ਕਿ ਭਾਰਤੀਆਂ ਨੇ ਕਿਵੇਂ ਵਿਦੇਸ਼ੀ ਹਮਲਿਆਂ ਨੂੰ ਰੋਕਿਆ, ਸਾਬਤ ਕਦਮ ਹਮਲਿਆਂ ਸਮਾਜਕ ਤਾਣੇ-ਬਾਣੇ ਦੀ ਮਜਬੂਤੀ ਅਤੇ ਸਜੀਵਤਾ ਜਿਹੜੀ ਕਿ ਹਜ਼ਾਰ ਲੋਕਾਂ ਲਈ ਪ੍ਰੀਖਿਆ ਦੀ ਘੜੀ ਸੀ ਦੇ ਸਨਮੁੱਖ ਲਚਕੀਲੇ ਰਹੇ ਅਤੇ ਕਿਵੇਂ ਸੰਸਕ੍ਰਿਤ ਨੇ, ਸ਼ਾਇਦ ਸ਼ੁਰੂਆਤੀਆਂ ਵਿੱਚੋਂ ਇੱਕ ਅਤੇ ਸੰਪੂਰਣ ਉੱਪਮਹਾਦੀਪ ਵਿੱਚ ਹਜ਼ਾਰਾਂ ਲੋਕਾਂ ਲਈ ਹਜ਼ਾਰਾਂ ਸਾਲਾਂ ਤੱਕ ਬਿਹਤਰੀਨ ਸੰਪਰਕ ਭਾਸ਼ਾ ਦੇ ਤੌਰ 'ਤੇ ਕੰਮ ਕੀਤਾ। ਰਾਸ਼ਟਰਵਾਦੀ ਰਾਸ਼ਟਰ ਦਾ ਇਤਿਹਾਸ ਰਾਸ਼ਟਰ ਦੇ ਲੋਕਾਚਾਰ, ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਨੂੰ ਪਕੜਣ ਲਈ ਕਰਨਾ ਚਾਹੁੰਦੇ ਸਨ, ਜਿਹੜੇ ਕਿ ਇੱਕ ਰਾਸ਼ਟਰੀ ਪਛਾਣ ਪ੍ਰੇਰਤ ਕਰਨਗੇ। ਬੰਕਿਮ ਚੰਦਰ ਚੈਟਰਜੀ, ਭਾਵੇਂ ਕਿ ਉਹ ਬਸਤੀਵਾਦੀ ਸਰਕਾਰ



ਨੋਟ

ਵਿੱਚ ਇੱਕ ਅਫਸਰ ਸੀ, ਨੇ ਭਾਰਤ ਵਿੱਚ ਸੱਭਿਆਚਾਰਕ ਅਤੇ ਧਾਰਮਿਕ ਪੁਨਰਸਥਾਪਨ ਦੀ ਮਜਬੂਤੀ ਨਾਲ ਵਕਾਲਤ ਕੀਤੀ। ਉਨ੍ਹਾਂ ਦਾ ਵੰਦੇ-ਮਾਤਰਮ ਭਾਰਤੀ ਰਾਸ਼ਟਰਵਾਦ ਲਈ ਇੱਕ ਅਹਿਮ ਬਿੰਦੂ ਬਣ ਰਿਹਾ ਸੀ।

ਕਈ ਰਾਸ਼ਟਰਵਾਦੀ ਨੇਤਾ ਸਮਾਜਕ ਵਿਕਾਸ ਦਾ ਵਿਕਲਪ ਨਮੂਨਾ ਪੇਸ਼ ਕਰ ਰਹੇ ਸਨ। ਮੋਕਲੇ ਦੇਸ਼ ਵਿੱਚ ਵਿਆਪਕ ਐਲੀਮੈਂਟਰੀ ਸਿੱਖਿਆ ਦੀ ਮੰਗ ਕਰਦੇ ਸਨ। ਬੜੋਦਾ ਦੇ ਮਹਾਰਾਜਾ ਸਿਆਜੀਰਾਓ ਗਾਇਕਵਾਡ ਨੇ ਆਪਣੇ ਸੂਬੇ ਵਿੱਚ ਅਨਿਵਾਰੀ ਐਲੀਮੈਂਟਰੀ ਸਿੱਖਿਆ ਦੀ ਸ਼ੁਰੂਆਤ ਕੀਤੀ। ਮਹਾਤਮਾ ਗਾਂਧੀ ਨੇ ਸਿੱਖਿਆ ਦੀ ਇੱਕ ਵਿਸਤਾਰਤ ਸਕੀਮ – ਭਾਰਤ ਲਈ – ਬੁਨਿਆਦੀ ਸਿੱਖਿਆ ਦੀ ਸ਼ੁਰੂਆਤ ਕੀਤੀ। ਹੋਰ ਰਾਸ਼ਟਰਵਾਦੀ ਨੇਤਾ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕਰ ਰਹੇ ਸਨ, ਜਿਹੜੀਆਂ ਕਿ ਵਿਦਿਆਰਥੀਆਂ ਨੂੰ ਆਪਣਾ ਭਵਿੱਖ ਚਿਤਰਤ ਕਰਨ ਲਈ ਅਭਿਮਾਨੀ ਅਤੇ ਨਿਸ਼ਚਿੰਤ ਕਰੇਗਾ ਅਤੇ ਉਹ ਆਪਣੇ ਬਸਤੀਵਾਦੀ ਮਾਲਕਾਂ ਵੱਲ ਆਪਣੇ ਸ਼੍ਰੇਸ਼ਠ ਦੇ ਤੌਰ 'ਤੇ ਨਹੀਂ ਵੇਖਣਗੇ, ਜਿਹੜੇ ਉਨ੍ਹਾਂ ਨੂੰ ਸਿਖਾਉਣਗੇ ਕਿ ਕਿਵੇਂ ਰਹਿਣਾ ਹੈ। ਇੱਕ ਮੰਤਵ ਸਪਸ਼ਟ ਸੀ – ਕਿ ਅੰਗ੍ਰੇਜ਼ੀ ਕਲਰਕ ਬਣਾਉਣ ਵਾਲੀ ਸਿੱਖਿਆ ਤੋਂ ਸੰਪੂਰਣ ਨਾਗਰਿਕ ਬਣਾਉਣ ਵਾਲੀ ਪ੍ਰਣਾਲੀ ਵੱਲ ਜਾਣਾ, ਜਿਹੜੀ ਕਿ ਭਾਰਤੀ ਬੱਚਿਆਂ ਨੂੰ ਸਰੀਰਕ, ਮਾਨਸਿਕ ਅਤੇ ਅਧਿਆਤਮਕ ਤੌਰ 'ਤੇ ਫਿਟ ਬਣਾਵੇਗੀ। ਸਵਾਮੀ ਦਯਾਨੰਦ ਦਾ ਦਯਾਨੰਦ ਐਂਗਲੋ ਵੈਦਿਕ (ਡੀ ਏ ਵੀ) ਅੰਦੋਲਨ ਇੱਕ ਹੋਰ ਵਿਕਲਪ ਸੀ, ਜਿਸ ਨੇ ਸਮਾਜਕ ਧਾਰਮਕ ਅਤੇ ਵਿਦਿਅਕ ਸੁਧਾਰਾਂ 'ਤੇ ਜ਼ੋਰ ਦਿੱਤਾ। ਆਰੀਆ ਸਮਾਜ ਅਤੇ ਬ੍ਰਹਮੋ ਸਮਾਜ ਅੰਦੋਲਨ ਵੀ ਭਾਰਤ ਵਿਚਲੇ ਸਮਾਜਕ-ਧਾਰਮਿਕ ਸੁਧਾਰਾਂ 'ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਕਈ ਵਿਅਕਤੀਆਂ ਨੇ ਨਿੱਜੀ ਤੌਰ 'ਤੇ ਵੀ ਭਾਰਤੀ ਰਾਸ਼ਟਰਵਾਦ ਨਾਲ ਤਹਿ ਤੱਕ ਵਿਕਲਪਕ ਸਿੱਖਿਆ ਪ੍ਰਦਾਨ ਕਰਨ ਲਈ ਵੀ ਹੰਭਲੇ ਮਾਰੇ।

ਮਹਾਤਮਾ ਗਾਂਧੀ ਨੇ ਭਾਰਤ ਲਈ ਸਮਾਜਕ ਅਤੇ ਆਰਥਕ ਵਿਕਾਸ ਦਾ ਵਿੱਲਖਣ ਨਮੂਨਾ ਪੇਸ਼ ਕੀਤਾ। ਉਸ ਦੇ ਨਮੂਨੇ ਵਿੱਚ ਸਨਅਤੀ ਅਤੇ ਪੱਛਮੀ ਢੰਗਾਂ ਲਈ ਕੋਈ ਸਥਾਨ ਨਹੀਂ ਸੀ। ਉਸ ਦੇ ਸੁਤੰਤਰਤਾ ਦੇ ਸੰਕਲਪ ਨੇ ਆਰਥਿਕ ਅਤੇ ਸਮਾਜਕ ਸੁਤੰਤਰਤਾ ਨੂੰ ਵੀ ਸ਼ਾਮਲ ਕੀਤਾ। ਉਸ ਦਾ ਵਿਚਾਰ ਭਾਰਤੀ ਪਿੰਡਾਂ ਨੂੰ ਸਵੈ ਸਮਰੱਥ ਇਕਾਈਆਂ 'ਚ ਤਬਦੀਲ ਕਰਨਾ ਸੀ, ਜਿੱਥੇ ਹਰੇਕ ਵਿਅਕਤੀ ਬਗੈਰ ਕਿਸੇ ਸ਼ੋਸ਼ਣ ਦੇ ਇੱਕ ਗੌਰਵਸ਼ਾਲੀ ਜੀਵਨ ਬਤੀਤ ਕਰਨ ਦੇ ਯੋਗ ਹੋਵੇਗਾ। ਜਦੋਂ ਸੁਤੰਤਰਤਾ ਲਈ ਰਾਸ਼ਟਰਵਾਦੀ ਅੰਦੋਲਨ ਜਨ ਅੰਦੋਲਨ ਬਣ ਗਿਆ, ਰਾਸ਼ਟਰ ਵਾਦੀਆਂ ਦੇ ਸਮਾਜਕ ਅਤੇ ਆਰਥਿਕ ਵਿਚਾਰ ਰਾਜਨੀਤਕ ਸ਼ਕਤੀ ਅਤੇ ਸੰਪੂਰਣ ਸੁਤੰਤਰਤਾ ਲਈ ਮੰਗ ਦੇ ਨਾਲ ਮਜਬੂਤ ਵਿਕਲਪ ਬਣ ਗਏ। ਰਾਸ਼ਟਰਵਾਦੀ ਭਾਵਨਾਵਾਂ ਅਤੇ ਵਿਕਲਪਾਂ ਨੇ ਸਮਾਜ ਵਿਗਿਆਨ ਪਾਠਕ੍ਰਮ ਉੱਪਰ ਪ੍ਰਮੁੱਖ ਪ੍ਰਭਾਵ ਪਾਇਆ।

## ਗਤੀਵਿਧੀ – 1

1. ਕੁਝ ਵਿਭਿੰਨਤਾਵਾਂ ਦੀ ਸੂਚੀ ਤਿਆਰ ਕਰੋ ਜਿਹੜੀਆਂ ਤੁਸੀਂ ਭਾਰਤ ਦੇ ਲੋਕਾਂ ਵਿੱਚ ਗਹੁ ਕੀਤੀਆਂ।

2. ਭਾਰਤੀਆਂ ਵਿੱਚ ਅਜਿਹੀ ਵਿਭਿੰਨਤਾ ਦੀਆਂ ਕੀ ਚੁਣੌਤੀਆਂ ਹਨ ਜੋ ਤੁਸੀਂ ਸੋਚਦੇ ਹੋ ਅਤੇ ਕੀ-ਕੀ ਅਵਸਰ ਹਨ?



ਨੋਟ

3. ਆਪਣੀ ਪੰਚਾਇਤ ਜਾਂ ਬਲਾਕ ਜਾਂ ਤਾਲੁਕ ਲਈ ਮੌਜੂਦਾ ਮਰਦਮਸ਼ੁਮਾਰੀ ਦੇ ਅੰਕੜੇ ਲੱਭੋ। ਤੁਸੀਂ ਆਪਣੇ ਇਲਾਕੇ ਵਿੱਚ ਰਹਿ ਰਹੇ ਲੋਕਾਂ ਦੀ ਗਿਣਤੀ ਅਤੇ ਉਹ ਦਰ, ਜਿਸ ਅਨੁਸਾਰ ਤੁਹਾਡੇ ਇਲਾਕੇ ਦੀ ਆਬਾਦੀ ਵੱਧ ਰਹੀ ਹੈ, ਵੀ ਜਾਣ ਸਕਦੇ ਹੋ, ਤੁਸੀਂ ਸਮੁਦਾਇਆਂ ਅਤੇ ਧਰਮਾਂ ਬਾਰੇ ਵੀ ਜਾਣ ਸਕਦੇ ਹੋ ਜਿਸ ਨਾਲ ਉਹ ਸੰਬੰਧਤ ਹਨ, ਉਨ੍ਹਾਂ ਦੀ ਸਾਖਰਤਾ ਦਰ, ਲਿੰਗ ਅਨੁਪਾਤ ਆਦਿ ਵੀ ਜਾਣ ਸਕਦੇ ਹੋ। ਇਹ ਗਤੀਵਿਧੀ ਕਰਨ ਮਗਰੋਂ ਆਪਣੇ ਇਲਾਕੇ ਦੇ ਲੋਕਾਂ ਦੀਆਂ ਵਿਸ਼ੇਸ਼ਤਾਈਆਂ। ਸਥਿਤੀਆਂ ਦਾ ਵਿਸ਼ਲੇਸ਼ਣ ਲਿੱਖੋ।

## ਆਪਣੀ ਪ੍ਰਗਤੀ ਦੀ ਪਰਖ ਕਰੋ -1

1. ਭਾਰਤ ਦਾ ਇਤਿਹਾਸ ਲਿੱਖਣ ਵਾਲਾ ਪਹਿਲਾ ਵਿਅਕਤੀ ਕੌਣ ਸੀ?

2. ਅਸ਼ੋਕ ਦੇ ਚੱਟਾਨੀ ਸ਼ਿਲਾਲੇਖ ਨੂੰ ਬੁੱਝਣ ਵਾਲਾ ਪਹਿਲਾ ਵਿਅਕਤੀ ਕੌਣ ਸੀ?

3. ਸਰਵੇ ਆਫ ਇੰਡੀਆ ਦੀ ਸਥਾਪਨਾ ਕਿਉਂ ਹੋਈ?

4. ਕਿਹੜੇ ਭਾਰਤੀ ਸ਼ਾਸਕ ਨੇ ਪਹਿਲੀ ਵਾਰ ਆਪਣੇ ਸੂਬੇ ਵਿੱਚ ਅਨਿਵਾਰੀ ਐਲੀਮੈਂਟਰੀ ਸਿੱਖਿਆ ਦੀ ਸ਼ੁਰੂਆਤ ਕੀਤੀ?

## 2.2.2 ਉੱਤਰ ਸੁਤੰਤਰਤਾ ਸਮਾਜ ਵਿਗਿਆਨ ਪਾਠਕ੍ਰਮ ਦਾ ਉਗਮਣ

ਨੋਟ

ਸੁਤੰਤਰਤਾ ਆਪਦੇ ਨਾਲ ਸਾਡੇ ਆਪਣੇ ਮਾਮਲਿਆਂ ਦੀ ਵਿਵਸਥਾ, ਸਵੈ-ਸ਼ਾਸਨ, ਲੋੜੀਂਦੇ ਗਿਆਨ ਰਚਨਾ ਅਤੇ ਨਵੀਂ ਜਮਹੂਰੀਅਤ ਲਈ ਹੁਨਰ ਦਾ ਆਧਾਰ ਅੰਤ ਸਾਡੀ ਆਪਣੀ ਸਿੱਖਿਆ ਪ੍ਰਣਾਲੀ ਦੀ ਰੂਪਰੇਖਾ ਤਿਆਰ ਕਰਨ ਦੀ ਜ਼ਿੰਮੇਵਾਰੀ ਲੈ ਕੇ ਆਈ। ਭਾਰਤ ਦੀ ਸੁਤੰਤਰਤਾ ਇੱਕ ਲੰਮੇ ਸੰਘਰਸ਼ ਮਗਰੋਂ ਮਿਲੀ। ਉਹ ਕਦਰਾਂ ਕੀਮਤਾਂ ਜਿਨ੍ਹਾਂ ਭਾਰਤ ਦੇ ਸੁਤੰਤਰਤਾ ਸੰਘਰਸ਼ ਨੂੰ ਸੇਧ ਦਿੱਤੀ ਅਤੇ ਇੱਕ ਨਵੇਂ ਜਮਹੂਰੀਅਤ ਲਈ ਆਦਰਸ਼ਾਂ ਨੇ ਭਾਰਤ ਦੇ ਸੰਵਿਧਾਨ ਵਿੰਚ ਅਭਿਵਿਅਕਤੀ ਹਾਸਲ ਕੀਤੀ। ਇੱਕ ਨਿਆਪੂਰਣ ਅਤੇ ਸਮਾਨਤਾਵਾਦ ਸਮਾਜ ਦੀ ਰਚਨਾ ਦੇ ਨਵੇਂ ਆਦਰਸ਼ ਅਤੇ ਉਦਾਰਤਾ, ਬਰਾਬਰੀ, ਨਿਆਂ ਅਤੇ ਭਰਾਤਰੀ ਭਾਵ ਭਾਰਤ ਵਿਚਲੇ ਲੰਮੇ ਸਮੇਂ ਤੋਂ ਚੱਲ ਰਹੇ ਦਾਬੇ ਅਤੇ ਮਾਤਹਿਤ ਦੇ ਕਾਰਜਸ਼ੀਲ ਸੰਬੰਧਾਂ, ਜਾਤੀ ਅਤੇ ਲਿੰਗ ਧਾਰਣਾਵਾਂ ਅਤੇ ਬਸਤੀਵਾਦੀ ਅਨੁਭਵਾਂ ਦੇ ਸਿੱਧੇ ਸੰਘਰਸ਼ ਵਿੱਚ ਆਇਆ। ਭਾਰਤ ਦੀ ਸੁਤੰਤਰਤਾ ਦੇ ਨਾਲ ਇੱਕ ਦਰਦ ਭਰਪੂਰ ਵਿਭਾਜਨ ਵੀ ਸੀ ਜਿਸਨੇ ਹਜ਼ਾਰਾਂ ਕਤਲਾਮ ਅਤੇ ਹਿੰਸਕ ਦੰਗੇ ਵੀ ਵੇਖੇ।

ਇਸਨੇ ਪਹਿਲਾਂ ਤੋਂ ਹੀ ਨਾਜ਼ੁਕ ਫਿਰਕੂ ਸੰਬੰਧਾਂ ਉੱਪਰ ਲੰਮੇ ਜ਼ਖਮ ਛੱਡ ਦਿੱਤੇ। ਇਨ੍ਹਾਂ ਸ਼ਕਤੀਆਂ ਦੇ ਸਾਹਮਣੇ ਭਾਰਤ ਨੇ ਦੇਸ਼ ਦੀ ਜਮਹੂਰੀ ਕਿਰਿਆਸ਼ੀਲਤਾ ਵਿੱਚ ਭਾਗੀਦਾਰੀ ਲਈ ਆਪਣੇ ਬੱਚਿਆਂ ਨੂੰ ਜ਼ਰੂਰੀ ਹੁਨਰ ਪ੍ਰਦਾਨ ਕਰਨ ਦਾ ਦ੍ਰਿੜ ਨਿਸ਼ਚਾ ਕੀਤਾ, ਅਗਵਾਈ ਕਰਨ ਦੀਆਂ ਵਿਸ਼ੇਸ਼ਤਾਈਆਂ ਵਿਕਸਤ ਕਰਨ ਦੇ ਨਾਲ-ਨਾਲ ਨਵੇਂ ਸਮਾਜਕ ਤਰਤੀਬ ਦੀਆਂ ਕਦਰਾਂ-ਕੀਮਤਾ ਪ੍ਰੇਰਤ ਕਰਨ ਦਾ ਵੀ ਨਿਸ਼ਚਾ ਕੀਤਾ।

ਯੂਨੀਵਰਸਿਟੀ ਸਿੱਖਿਆ ਕਮਿਸ਼ਨ (1948-49) ਦੀ ਸਥਾਪਨਾ ਸੁਤੰਤਰਤਾ ਤੋਂ ਤੁਰੰਤ ਬਾਅਦ ਕੀਤੀ ਗਈ, ਜਿਸ ਨੇ ਸਿਫਾਰਸ਼ ਕੀਤੀ ਕਿ ਸਿੱਖਿਆ ਨੂੰ ਵਿਦਿਆਰਥੀਆਂ ਨੂੰ ਸਮਾਜਕ ਫਲਸਫੇ ਨਾਲ ਜੋੜਨਾ ਚਾਹੀਦਾ ਹੈ, ਜਿਹੜਾ ਕਿ ਸਾਰੇ ਸਮਾਜਕ, ਵਿਦਿਅਕ ਅਤੇ ਆਰਥਕ ਸੰਸਥਾਨਾਂ ਦਾ ਸੰਚਾਲਨ ਕਰੇਗਾ। ਇਸ ਨੇ ਜਮਹੂਰੀਅਤ ਲਈ ਵਿਦਿਆਰਥੀਆਂ ਨੂੰ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਅਤੇ ਭੂਤਕਾਲ ਅਤੇ ਵਰਤਮਾਨ ਦੀ ਸਮਝ ਵਿਕਸਤ ਕਰਨ ਲਈ ਟਰੇਨਿੰਗ ਉਪਲੱਬਧ ਕਰਨ ਦੀ ਸਿਫਾਰਸ਼ ਵੀ ਕੀਤੀ। ਸੈਕੰਡਰੀ ਸਿੱਖਿਆ ਕਮਿਸ਼ਨ (1952-53) ਨੇ ਵੀ ਉਨ੍ਹਾਂ ਦੀ ਕਦਰਾਂ-ਕੀਮਤਾਂ ਨੂੰ ਜਮਹੂਰੀ ਨਾਗਰਿਕਤਾ ਅਤੇ ਅਗਵਾਈ ਦੇ ਵਿਕਾਸ ਲਈ ਦੁਹਰਾਇਆ। ਭਾਰਤੀ ਸਿੱਖਿਆ ਕਮਿਸ਼ਨ (1964-66) ਨੇ ਅਨੁਭਵ ਕੀਤਾ ਕਿ ਇੱਕ ਵਿਦਿਅਕ ਇਨਕਲਾਬ ਦੀ ਲੋੜ ਹੈ - ਸਿੱਖਿਆ ਨੂੰ ਜ਼ਿੰਦਗੀ, ਲੋੜਾਂ ਅਤੇ ਰਾਸ਼ਟਰ ਦੀਆਂ ਭਾਵਨਾਵਾਂ ਨਾਲ ਜੋੜਨ ਲਈ ਇੱਕ ਅੰਤਰੀਵੀ ਰੂਪਾਂਤਰਣ। ਇਸ ਨੇ ਸਿੱਖਿਆ ਦੇ ਟੀਚੇ ਦੇ ਤੌਰ 'ਤੇ ਸਮਾਜਕ, ਨੈਤਿਕ ਅਤੇ ਅਧਿਆਤਮਕ ਕਦਰਾਂ-ਕੀਮਤਾਂ ਦੇ ਪੋਸ਼ਣ ਤੇ ਸਮਾਜਕ ਅਤੇ ਰਾਸ਼ਟਰੀ ਏਕੀਕਰਣ ਨੂੰ ਮਜਬੂਤ ਕਰਨ ਦੀ ਸਿਫਾਰਸ਼ ਕੀਤੀ।

ਭਾਰਤ ਨੇ 1986 ਵਿੱਚ ਸਿੱਖਿਆ ਉੱਪਰ ਇੱਕ ਮੁਕੰਮਲ ਰਾਸ਼ਟਰੀ ਨੀਤੀ ਦਾ ਸੂਤਰੀਕਰਣ ਕੀਤਾ। ਇਹ ਨੀਤੀ ਸਿੱਖਿਆ ਦੇ ਸੰਬੰਧ ਵਿੱਚ ਰਾਸ਼ਟਰੀ ਭਾਵਨਾਵਾਂ ਅਤੇ ਕਦਰਾਂ ਕੀਮਤਾਂ ਨੂੰ ਪ੍ਰਤਿਬਿੰਬਤ ਕਰਦੀ ਹੈ। ਨੀਤੀ ਆਖਦੀ ਹੈ : ਸਿੱਖਿਆ ਦੀ ਰਾਸ਼ਟਰੀ ਪ੍ਰਣਾਲੀ ਇੱਕ ਰਾਸ਼ਟਰੀ ਪਾਠਕ੍ਰਮ ਚੌਖਟੇ ਉੱਪਰ ਆਧਾਰਤ ਹੋਵੇਗੀ, ਜਿਸ ਦਾ ਕਿ ਹੋਰਨਾਂ ਸੰਘਟਕਾਂ ਦੇ ਨਾਲ, ਇੱਕ ਸਾਂਝਾ ਸਾਰ (ਤੱਤ) ਹੈ, ਜਿਹੜੇ ਕਿ ਲਚਕੀਲੇ ਹੁੰਦੇ ਹਨ। ਸਾਂਝੇ ਸਾਰ ਵਿੱਚ ਭਾਰਤੀ ਸੁਤੰਤਰਤਾ ਅੰਦੋਲਨ ਦਾ ਇਤਿਹਾਸ, ਸੰਵਿਧਾਨਕ ਜ਼ਿੰਮੇਵਾਰੀਆਂ ਅਤੇ ਰਾਸ਼ਟਰੀ ਪਛਾਣ ਦੀ ਪਰਵਰਿਸ਼ ਲਈ ਅਨਿਵਾਰੀ ਹੋਰ ਵਿਸ਼ਾ-ਸਾਮੱਗਰੀ ਨੂੰ ਸ਼ਾਮਲ ਹੁੰਦਾ ਹੈ। ਇਹ ਤੱਤ ਵਿਸ਼ਾ ਖੇਤਰਾਂ ਨੂੰ ਤੈਅ ਕਰੇਗਾ ਅਤੇ ਉਨ੍ਹਾਂ ਕਦਰਾਂ-ਕੀਮਤਾਂ ਨੂੰ ਪ੍ਰੋਤਸਾਹਨ ਦੇਣ ਲਈ ਤਿਆਰ ਕੀਤਾ ਜਾਵੇਗਾ। ਜਿਵੇਂ ਕਿ ਭਾਰਤ ਦਾ ਸਾਂਝਾ

ਸੱਭਿਆਚਾਰਕ ਵਿਰਸਾ, ਸਮਾਨਤਾਵਾਦ, ਜਮਹੂਰੀਅਤ ਅਤੇ ਧਰਮ ਨਿਰਪੇਖਤਾ, ਲਿੰਗਾਂ ਦੀ ਬਰਾਬਰੀ, ਵਾਤਾਵਰਣ ਦੀ ਸੰਭਾਲ, ਸਮਾਜਕ ਬੰਦਸ਼ਾਂ ਨੂੰ ਖਤਮ ਕਰਨਾ, ਲਘੂ ਪਰਿਵਾਰ ਨੇਮਾਂ ਦੀ ਪਾਲਣਾ। ਸਾਰੇ ਵਿਦਿਅਕ ਪ੍ਰੋਗ੍ਰਾਮ ਧਰਮ-ਨਿਰਪੇਖਤਾ ਦੀਆਂ ਕਦਰਾਂ-ਕੀਮਤਾਂ ਦੇ ਨਾਲ ਸਖਤ ਅਨੁਸਾਰਤਾ ਦੇ ਨਾਲ ਚਲਾਏ ਜਾਣਗੇ। ਇਹ ਕੋਰ ਕਦਰਾਂ ਕੀਮਤਾਂ ਦਿਸ਼ਾ ਨੂੰ ਪਰਿਭਾਸ਼ਤ ਕਰਦੀਆਂ ਹਨ, ਜਿਨ੍ਹਾਂ ਦੀ ਸਮਾਜ ਵਿਗਿਆਨ ਪਾਠਕ੍ਰਮ ਵੱਲੋਂ ਲਏ ਜਾਣ ਦੀ ਆਸ ਕੀਤੀ ਜਾਂਦੀ ਹੈ। ਉਹ ਮੁੱਦੇ ਜਿਨ੍ਹਾਂ ਸੁਤੰਤਰ ਭਾਰਤ ਵਿੱਚ ਸਮਾਜ ਵਿਗਿਆਨ ਵਿੱਚ ਪਾਠਕ੍ਰਮ ਯੋਜਨਾਕਾਰਾਂ ਦਾ ਧਿਆਨ ਆਕਰਸ਼ਤ ਕੀਤਾ, ਕਾਫੀ ਹਨ। ਇੱਕ ਸੁਤੰਤਰ ਰਾਸ਼ਟਰ ਦੇ ਤੌਰ 'ਤੇ ਭਾਰਤ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਗਰੀਬੀ, ਅਨਪਨੜ੍ਹਤਾ, ਪਛੜਾਪਣ, ਸਮਾਜਕ ਅਤੇ ਫਿਰਕੂ ਵੰਡ ਸੀ। ਇਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਰਾਸ਼ਟਰੀ ਪ੍ਰਾਥਮਿਕਤਾ ਬਣ ਗਈ। ਵਧੇਰੇ ਅਨਾਜ ਦੀ ਪੈਦਾਵਾਰ, ਅਨਪੜ੍ਹਤਾ ਦਾ ਖਤਮਾ, ਵਿਸਫੋਟਕ ਆਬਾਦੀ ਵਾਧੇ 'ਤੇ ਨਿਯੰਤ੍ਰਣ, ਬਾਹਰੀ ਅਤੇ ਅੰਦਰੂਨੀ ਵੰਡਣ ਵਾਲੀਆਂ ਸ਼ਕਤੀਆਂ ਦੇ ਸਾਹਮਣੇ ਦੇਸ਼ ਨੂੰ ਇੱਕਠਿਆਂ ਰੱਖਣਾ ਆਦਿ ਨੇ ਐਨਾ ਧਿਆਨ ਮੰਗਿਆ ਜਿੰਨੀ ਸਾਡੀ ਜਮਹੂਰੀਅਤ ਅਤੇ ਸੰਵਿਧਾਨ ਦੇ ਆਦਰਸ਼ਾਂ ਦੀ ਪਾਲਣਾ ਸੀ। ਇਸ ਲਈ ਇਨ੍ਹਾਂ ਸਾਰੇ ਮੁੱਦਿਆਂ ਨੇ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਆਪਣਾ ਮਾਰਗ ਬਣਾ ਲਿਆ ਅਤੇ ਵਿਦਿਆਰਥੀ ਸਮਾਜ ਦੇ ਸਰੋਕਾਰਾਂ ਲਈ ਪੂਰੀ ਤਰ੍ਹਾਂ ਸੰਵੇਦਨਸ਼ੀਲ ਹੋ ਗਏ ਜਿਸ ਵਿੱਚ ਉਹ ਰਹਿੰਦੇ ਸਨ।

### 2.2.3 ਰਾਸ਼ਟਰੀ ਏਕੀਕਰਣ ਅਤੇ ਅੰਤਰਰਾਸ਼ਟਰੀ ਸਮਝ

ਭਾਰਤੀ ਸਮਾਜ ਦੀ ਸਮਰਿੱਧੀ ਇਸ ਦੀ ਬਹੁਲਤਾ ਵਿੱਚ ਹੈ। ਪ੍ਰੰਤੂ ਬਹੁਲਤਾ ਆਪਣੇ ਨਾਲ ਭਾਰਤੀਆਂ ਵਿਚਕਾਰ ਭਾਵਨਾਤਮਕ ਏਕੀਕਰਣ ਪ੍ਰਾਪਤ ਕਰਨ ਦੀ ਚੁਣੌਤੀ ਵੀ ਲਿਆਂਦੀ ਹੈ। ਵਿਵਿਧ ਕਿਸਮ ਦੇ ਲੋਕ ਜਿਹੜੇ ਭਿੰਨ ਭਾਸ਼ਾਵਾਂ ਬੋਲਦੇ ਹਨ, ਭਿੰਨ ਪੁਸ਼ਾਕ, ਭਿੰਨ ਢੰਗਾਂ ਨਾਲ ਭਿੰਨ ਸਥਾਨਾਂ 'ਤੇ ਪੂਜਾ-ਪਾਠ, ਭਿੰਨ ਵਿਚਾਰਧਾਰਾਵਾਂ ਦਾ ਪ੍ਰਚਾਰ, ਭਿੰਨ ਸਮੁਦਾਇਆਂ ਨਾਲ ਸੰਬੰਧ, ਭਿੰਨ ਹਿੱਤ ਅਤੇ ਭਿੰਨ ਆਮਦਨ ਹੁੰਦੀ ਹੈ। ਭਾਰਤ ਦੇ ਲੋਕਾਂ ਵਿੱਚ 'ਇਕਮਿਕਤਾ' ਦੀ ਭਾਵਨਾ ਨੂੰ ਪ੍ਰੇਰਤ ਕਰਨਾ ਦੇਸ਼ ਦੇ ਅਹਿਮ ਮੰਤਵਾਂ ਵਿੱਚੋਂ ਇੱਕ ਬਣ ਗਿਆ ਅਤੇ ਸਿੱਟੇ ਵਜੋਂ ਸਿੱਖਿਆ ਦਾ। ਇਤਿਹਾਸ ਵਿੱਚ ਰਾਸ਼ਟਰੀ ਏਕਤਾ ਅਤੇ ਭਾਵਨਾਤਮਕ ਏਕੀਕਰਣ ਦੇ ਸੰਬੰਧ ਵਿੱਚ ਭਾਰਤ ਲਈ ਕਈ ਪਾਠ ਹਨ। ਮਿਹਨਤ ਨਾਲ ਕਮਾਈ ਗਈ ਸੁਤੰਤਰਤਾ ਅਤੇ ਏਕਤਾ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਭਾਰਤੀ ਸਿੱਖਿਆ ਕਮਿਸ਼ਨ (1964-66) ਨੇ ਸਿੱਖਿਆ ਦੇ ਪ੍ਰਮੁੱਖ ਟੀਚਿਆਂ ਵਿੱਚੋਂ ਇੱਕ ਸਮਾਜਕ ਅਤੇ ਕਾਸ਼ਟਰੀ ਏਕੀਕਰਣ ਨੂੰ ਮਜਬੂਤ ਕਰਨਾ ਵਿਚਾਰਿਆ। ਭਾਵੇਂ ਕਿ ਸਮਾਜਕ ਅਤੇ ਭਾਵਨਾਤਮਕ ਏਕੀਕਰਣ ਦੀ ਮਜਬੂਤੀ ਅਹਿਮ ਹੈ, ਭਾਰਤ ਦੇ ਲੋਕਾਂ ਵਿੱਚ ਭਾਵਨਾਤਮਕ ਏਕੀਕਰਣ ਦੀ ਮਜਬੂਤੀ ਬੇਹੱਦ ਅਹਿਮ ਹੈ। ਇੱਕਮਿਕਤਾ ਅਤੇ ਸਾਂਝ ਦੀ ਭਾਵਨਾ ਸਿਰਫ ਉੱਦੋਂ ਆਉਂਦੀ ਹੈ ਜਦੋਂ ਲੋਕ ਅਨੁਭਵ ਕਰਦੇ ਹਨ ਕਿ ਉਨ੍ਹਾਂ ਦੀ ਬੁੱਕਤ ਹੈ ਅਤੇ ਦੇਸ਼ ਵਿੱਚ ਉਨ੍ਹਾਂ ਦੀ ਆਵਾਜ਼ ਸੁਣੀ ਜਾਂਦੀ ਹੈ, ਬਜਾਇ ਕਿ ਉਨ੍ਹਾਂ ਦੇ ਸਮੁਦਾਇ, ਵਿਚਾਰਧਾਰਾ ਜਾਂ ਆਮਦਨ ਦੇ। ਰਾਸ਼ਟਰ ਦੇ ਮਾਮਲਿਆਂ ਵਿੱਚ ਭਾਗੀਦਾਰੀ ਦੀ ਸਮਝ ਲੋਕਾਂ ਨੂੰ ਬਾਹਰੀ ਸੀਮਾ ਤੋਂ ਕੇਂਦਰ ਵਿੱਚ ਲੈ ਆਂਦੀ ਹੈ। ਕੀ ਤੁਸੀਂ ਸੋਚਦੇ ਹੋ ਕਿ ਸਮਾਜਕ, ਆਰਥਕ ਅਤੇ ਵਿਕਾਸਤਮਕ ਸਮਾਵੇਸ਼ ਦਾ ਇੱਕਮਿਕਤਾ ਦੀ ਭਾਵਨਾ ਨਾਲ ਕੁਝ ਲੈਣ-ਦੇਣਾ ਹੈ। ਕੀ ਉਨ੍ਹਾਂ ਦੇ ਅਹਿਮ ਨਿਹਿਤ ਭਾਵ ਸਾਡੇ ਲੋਕਾਂ ਦੇ ਪੱਛੜੇਪਣ ਅਤੇ ਕਮਜ਼ੋਰ ਵਰਗ ਲਈ ਹਨ?

ਅੱਜ ਭਾਰਤ ਦੇ ਏਕੀਕਰਣ ਨੂੰ ਕੀ ਚੁਣੌਤੀਆਂ ਹਨ? ਕੀ ਤੁਸੀਂ ਸੋਚਦੇ ਹੋ ਕਿ ਦੇਸ਼ ਦੇ ਅੰਦਰ ਹੀ ਸ਼ਕਤੀਆਂ ਹਨ ਜਿਹੜੀਆਂ ਲੋਕਾਂ ਵਿੱਚ ਇੱਕਮਿਕਤਾ ਦੀ ਭਾਵਨਾ ਨੂੰ ਕਮਜ਼ੋਰ ਕਰਦੀਆਂ ਹਨ। ਵਰਤਮਾਨ ਸਮੇਂ ਵਿੱਚ ਕਈ ਵੱਖਵਾਦੀ ਸਮੂਹ ਦੇਸ਼ ਵਿੱਚ ਭਿੰਨ ਖਿੱਤਿਆਂ ਵਿੱਚ ਕਿਰਿਆਸ਼ੀਲ ਹਨ। ਇਨ੍ਹਾਂ ਦਿਸ਼ਾਹੀਣ ਸਮੂਹਾਂ ਦੇ ਪੂਰੀ ਤਰ੍ਹਾਂ ਸਵਾਰਥੀ ਹਿੱਤਾਂ ਤੋਂ ਲੈ ਕੇ ਵਿਦੇਸ਼ੀ ਸ਼ਹਿ 'ਤੇ ਫਿਰਕੂ ਨਫਰਤ ਫੈਲਾਉਣ ਦੇ ਮੰਤਵ ਹੋ ਸਕਦੇ ਹਨ। ਇਹ ਸ਼ਕਤੀਆਂ ਭਾਰਤੀ ਸਮਾਜ ਦੇ ਅੰਦਰ ਕੈਂਸਰ ਵਾਂਗ ਵਿਚਰਦੀਆਂ ਹਨ, ਇਨ੍ਹਾਂ ਦੀ ਸ਼ਨਾਖਤ ਹੋਣੀ ਚਾਹੀਦੀ ਹੈ ਅਤੇ ਰੋਕ ਲੱਗਣੀ ਜ਼ਰੂਰੀ ਹੈ। ਫਿਰਕੂਵਾਦ, ਜਾਤੀਵਾਦ, ਵੰਖਵਾਦ, ਖੇਤਰੀਵਾਦ, ਆਰਥਕ ਵਿਕਾਸ ਵਿੱਚ ਅਸੰਤੁਲਨ, ਆਮਦਨ ਵਿੱਚ ਨਾਬਰਾਬਰੀ, ਅਮੀਰ ਤੇ ਗਰੀਬ ਵਿੱਚ ਲਗਾਤਾਰ ਵੱਧ ਰਿਹਾ ਪਾੜਾ, ਛੱਡ ਦੇਣ ਦੀ ਭਾਵਨਾ ਆਦਿ ਇਨ੍ਹਾਂ ਸ਼ਕਤੀਆਂ ਵਿੱਚੋਂ ਕੁਝ ਹੋ ਸਕਦੀਆਂ ਹਨ। ਤੁਸੀਂ ਇਸ ਤੋਂ ਵਧੇਰੇ ਵੀ ਲੱਭ ਸਕਦੇ ਹੋ।

ਰਾਸ਼ਟਰੀ ਏਕੀਕਰਣ ਨੂੰ ਮਜਬੂਤ ਕਰਨ ਲਈ ਸਮਾਜ ਵਿਗਿਆਨ ਕੀ ਕਰ ਸਕਦਾ ਹੈ। ਸਮਾਜ ਵਿਗਿਆਨ ਨੂੰ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਭਾਵਨਾ ਨੂੰ ਪ੍ਰੇਰਤ ਕਰਨ ਲਈ ਬੇਹੱਦ ਸ਼ਕਤੀਸ਼ਾਲੀ ਸਿੱਖਿਆ ਸ਼ਾਖਾ ਸਮਝਿਆ ਜਾਂਦਾ ਹੈ। ਇਹ ਪਾੜ੍ਹਿਆਂ ਨੂੰ ਰਾਸ਼ਟਰੀ ਏਕਤਾ ਦੀ ਅਹਿਮੀਅਤ ਪ੍ਰਤਿ ਸੰਵੇਦਨਸ਼ੀਲ ਬਣਾ ਸਕਦੀ ਹੈ, ਮੁੱਦੇ ਸੰਬੰਧੀ ਇਤਿਹਾਸਕ ਪਰਿਪੇਖ ਪ੍ਰਦਾਨ ਕਰ ਸਕਦੀ ਹੈ ਅਤੇ ਰਾਸ਼ਟਰੀ ਸਮਰੂਪਤਾ ਅਤੇ ਏਕਤਾ ਦੇ ਕੀਮਤੀ ਪ੍ਰਤੀਕਾਂ ਬਾਰੇ ਅਧਿਆਪਨ ਕਰਦੀ ਹੈ। ਸਿੱਖਿਆ ਬਾਰੇ ਰਾਸ਼ਟਰੀ ਨੀਤੀ (1986) ਆਖਦੀ ਹੈ ਕਿ ਭਾਰਤ ਦਾ ਸਾਂਝਾ ਸੱਭਿਆਚਾਰਕ ਵਿਰਸਾ, ਭਾਰਤ ਦੇ ਸੁਤੰਤਰਤਾ ਅੰਦੋਲਨ ਦਾ ਇਤਿਹਾਸ, ਸੰਵਿਧਾਨਕ ਪ੍ਰਤਿਗਿਆਵਾਂ ਅਤੇ ਰਾਸ਼ਟਰੀ ਸਮਰੂਪਤਾ ਦੇ ਪੋਸ਼ਣ ਲਈ ਅਨਿਵਾਰੀ ਹੋਰ ਸਾਮੱਗਰੀ ਪਾੜ੍ਹਿਆਂ ਵਿਚਕਾਰ ਇਕਮਿਕਤਾ ਦੀ ਭਾਵਨਾ ਪੈਦਾ ਕਰ ਸਕਦੀ ਹੈ। ਰਾਸ਼ਟਰੀ ਇਤਿਹਾਸ ਅਤੇ ਰਾਸ਼ਟਰੀ ਭੂਗੋਲ ਦਾ ਅਧਿਆਪਨ ਦੇਸ਼ ਦੀ ਅੰਤਰੀਵੀ ਸਮਝ ਵਿਕਸਤ ਕਰੇਗੀ। ਸਮਾਜ ਵਿਗਿਆਨ ਨੂੰ ਲਾਜ਼ਮੀ ਪਾੜ੍ਹਿਆਂ ਵਿੱਚ ਰਾਸ਼ਟਰੀ ਅਖੰਡਤਾ ਦੀ ਚਰਚਾ ਅਤੇ ਪ੍ਰੋਤਸਾਹਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਰਾਸ਼ਟਰੀ ਅਖੰਡਤਾ ਦੀ ਧਾਰਣਾ ਨਾਲ ਸੰਬੰਧਤ ਹੋਣਾ ਅੰਤਰਰਾਸ਼ਟਰੀ ਸਮਝ ਦੀ ਧਾਰਣਾ ਹੈ। ਅਸੀਂ ਇੱਕ ਵਿਸ਼ਵ ਵਿਆਪੀ ਯੁੱਗ ਵਿੱਚ ਰਹਿ ਰਹੇ ਹਾਂ। ਰਾਸ਼ਟਰ ਅਤੇ ਦੇਸ਼ ਇੱਕਲਿਆਂ ਵਿੱਚ ਨਹੀਂ ਰਹਿੰਦੇ। ਅੱਜ ਮਨੁੱਖਤਾ ਦੇ ਦਰਪੇਸ਼ ਕਈ ਸਮੱਸਿਆਵਾਂ ਸਰੂਪ ਵਿੱਚ ਰਾਸ਼ਟਰੀ ਨਹੀਂ ਹਨ। ਉਨ੍ਹਾਂ ਦੀਆਂ ਵਿਆਪਕ ਵਿਮਾਵਾਂ ਹਨ, ਜਿਨ੍ਹਾਂ ਦਾ ਅਨੁਭਵ ਦੁਨੀਆ ਦੇ ਸਾਰੇ ਲੋਕਾਂ ਅਤੇ ਦੇਸ਼ਾਂ ਕੋਲ ਹੈ। ਸਿੱਟੇ ਵਜੋਂ ਉਹ ਦੁਨੀਆ ਦੇ ਸਾਰੇ ਲੋਕਾਂ ਅਤੇ ਰਾਸ਼ਟਰਾਂ ਦਾ ਧਿਆਨ ਲੋੜਦੇ ਹਨ। ਕੀ ਤੁਸੀਂ ਇਨ੍ਹਾਂ ਕੁਝ ਸਮੱਸਿਆਵਾਂ ਦੀ ਸੂਚੀ ਬਣਾ ਸਕਦੇ ਹੋ? ਵਾਤਾਵਰਣਕ ਸਰੋਕਾਰ, ਵਪਾਰ, ਵਣਜ ਅਤੇ ਆਰਥਕ ਮੁੱਦੇ, ਮਨੁੱਖੀ ਵਿਕਾਸ ਤੇ ਆਬਾਦੀ ਦੇ ਮੁੱਦੇ ਤੇ ਵਿਸ਼ਵ ਸ਼ਾਂਤੀ ਅਜਿਹੇ ਕੁਝ ਖੇਤਰ ਹਨ। ਅੰਤਰਰਾਸ਼ਟਰੀ ਸਮਝ ਦੀ ਘਾਟ ਨੇ ਦੁਨੀਆ ਨੂੰ ਦੋ ਵਾਰ ਸੰਸਾਰ ਜੰਗ ਵੱਲ ਧੱਕਿਆ ਜਿਸ ਦਾ ਸਿੱਟਾ ਜ਼ਿੰਦਗੀਆਂ, ਸੰਪਤੀ ਅਤੇ ਮਨੁੱਖੀ ਕਦਰਾਂ ਦਾ ਵੱਡੀ ਮਾਤਰਾ ਵਿੱਚ ਨੁਕਸਾਨ ਹੋਇਆ। ਮਨੁੱਖਤਾ ਸਾਰੇ ਲੋਕਾਂ ਅਤੇ ਦੁਨੀਆ ਦੇ ਦੇਸ਼ਾਂ ਵਿਚਾਲੇ ਸਮਝ ਅਤੇ ਸਹਿਯੋਗ ਦੀ ਪ੍ਰਾਪਤੀ ਦੇ ਮੰਤਵ ਨਾਲ ਸੰਤੁਸ਼ਟ ਨਹੀਂ ਹੋ ਸਕਦੀ। ਮਨੁੱਖੀ ਅਧਿਕਾਰ ਅਤੇ ਮਨੁੱਖੀ ਵਿਕਾਸ ਦੇ ਮੁੱਦੇ ਬੇਹੱਦ ਅਹਿਮ ਹਨ ਜਿਹੜੇ ਕਿ ਵਿਅਕਤੀਗਤ ਦੇਸ਼ਾਂ ਉੱਪਰ ਹੀ ਛੱਡੇ ਜਾ ਸਕਦੇ ਹਨ।

ਸਮਾਜ ਵਿਗਿਆਨ ਵਿੱਚ ਇੱਕ ਬਿਹਤਰ ਦੁਨੀਆ ਦੇ ਕ੍ਰਮ ਲਈ ਪਾੜ੍ਹਿਆਂ ਦੇ ਮਨਾਂ ਅੰਦਰ ਉਚਿਤ (ਅਨੁਕੂਲ) ਰਵੱਈਏ ਦੀ ਰਚਨਾ ਦੀ ਸਮਰੱਥਾ ਹੁੰਦੀ ਹੈ ਜਿੱਥੇ ਲੋਕ ਮਨੁੱਖਤਾ ਦੇ ਸਾਹਮਣੇ ਇੱਕਠਿਆਂ

ਚੁਣੌਤੀਆਂ ਦਾ ਸਾਹਮਣਾ ਕਰਦੇ ਹਨ ਅਤੇ ਸਾਰੇ ਲੋਕਾਂ ਨਾਲ ਸਰੋਕਾਰ ਰੱਖਦੇ ਹਨ। ਵਿਸ਼ਵ ਭੂਗੋਲ ਅਤੇ ਵਿਸ਼ਵ ਇਤਿਹਾਸ ਦੇ ਅਧਿਆਪਨ ਨਾਲ ਵਿਦਿਆਰਥੀਆਂ ਵਿਚਾਲੇ ਪੂਰੀ ਦੁਨੀਆ ਨਾਲ ਨੇੜਤਾ ਦੀ ਸੂਝ ਲਿਆਂਦੀ ਜਾ ਸਕਦੀ ਹੈ। ਵਿਸ਼ਵ ਇਤਿਹਾਸ ਵਿੱਚ ਵਰਤਮਾਨ ਪੀੜੀ ਲਈ ਅੰਤਰਰਾਸ਼ਟਰੀ ਸ਼ਾਂਤੀ, ਸਹਿਯੋਗ, ਸਮਝ ਆਪਸੀ ਸਨਮਾਨ, ਵੰਡੀਆਂ ਭਾਵਨਾਵਾਂ ਅਤੇ ਸਮੂਹਕ ਜਤਨਾ ਦੀ ਅਹਿਮੀਅਤ ਦੀ ਕਦਰਦਾਨੀ ਵਾਸਤੇ ਕਾਫੀ ਪਾਠ ਹਨ।

ਦੁਨੀਆ ਨੇ ਪਹਿਲਾਂ ਹੀ ਆਪਸੀ ਵਿਚਾਰ ਅਤੇ ਅੰਤਰਰਾਸ਼ਟਰੀ ਸਹਿਯੋਗ ਲਈ ਅੰਤਰਰਾਸ਼ਟਰੀ ਸੰਸਥਾਵਾਂ ਦਾ ਬੁਨਿਆਦੀ ਢਾਂਚਾ ਤਿਆਰ ਕਰ ਲਿਆ ਹੈ। ਬੱਚਿਆਂ ਨੂੰ ਇਨ੍ਹਾਂ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਉਨ੍ਹਾਂ ਦੀਆਂ ਭੂਮਿਕਾਵਾਂ ਪ੍ਰਤਿ ਨਸ਼ਰ ਹੋਣ ਦੀ ਲੋੜ ਹੈ। ਉਨ੍ਹਾਂ ਨੂੰ ਵਾਤਾਵਰਣ, ਆਬਾਦੀ, ਵਿਕਾਸ ਦੇ ਸੰਬੰਧ ਵਿੱਚ ਉਮਗ ਰਹੀਆਂ ਅੰਤਰ ਰਾਸ਼ਟਰੀ ਸਥਿਤੀਆਂ ਬਾਰੇ ਵੀ ਜਾਣਨ ਦੀ ਲੋੜ ਹੈ। ਨਾਲ ਹੀ ਸਿੱਖਿਆ, ਅਰਥ ਸ਼ਾਸਤਰ ਅਤੇ ਵਪਾਰ ਤੇ ਭਿੰਨ ਲੋਕਾਂ ਅਤੇ ਦੇਸ਼ਾਂ ਵਿਚਾਲੇ ਹਥਿਆਰਬੰਦ ਸੰਘਰਸ਼ ਬਾਰੇ ਵੀ। ਉਨ੍ਹਾਂ ਨੂੰ ਉੱਭਰ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਭਿੰਨ ਵਿਸ਼ਵ ਸੰਸਥਾਨਕ ਰੂਪਰੇਖਾ ਦੀ ਉਪਯੁਕਤਤਾ ਬਾਰੇ ਵੀ ਜਾਣਨਾ ਚਾਹੀਦਾ ਹੈ। ਰਾਸ਼ਟਰੀ ਏਕਤਾ ਅਤੇ ਅੰਤਰਰਾਸ਼ਟਰੀ ਸਮਝ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਪ੍ਰਤਿਬਿੰਬ ਲੱਭਦੀ ਹੈ।

## 2.2.4 ਧਰਮ ਨਿਰਪੇਖਤਾ ਅਤੇ ਫਿਰਕਾਪ੍ਰਸਤੀ

ਭਾਰਤ ਦਾ ਬਹੁਸੱਭਿਆਚਾਰਵਾਦ ਮੁੜ ਪ੍ਰਸਿੱਧੀ ਵੱਲ ਆਉਂਦਾ ਹੈ ਜਦੋਂ ਅਸੀਂ ਭਾਰਤ ਵਿਚਲੇ ਵਿਭਿੰਨ ਧਰਮਾਂ ਬਾਰੇ ਗੱਲ ਕਰਦੇ ਹਾਂ। ਅਸੀਂ ਹਮੇਸ਼ਾ ਕਈ ਆਸਥਾਵਾਂ ਅਤੇ ਵਿਚਾਰਧਾਰਾਵਾਂ ਨੂੰ ਇੱਕਠਿਆਂ ਸਰਸਬਜ਼ ਹੋਂਦ ਦੀ ਪਰੰਪਰਾ ਵੇਖੀ ਹੈ, ਇਸ ਦੇਸ਼ ਵਿੱਚ ਕਈ ਧਾਰਮਿਕ ਆਸਥਾਵਾਂ ਲੋਕਾਂ ਦੀ ਹਮਾਇਤ ਅਤੇ ਸਹਿਣਸ਼ੀਲਤਾ ਦੇ ਨਾਲ ਉਤਪੰਨ ਅਤੇ ਵਿਕਸਤ ਹੋਈਆਂ ਅਤੇ ਦੁਨੀਆ ਦੇ ਹੋਰਨਾ ਭਾਗਾਂ ਵਿੱਚ ਵੀ ਫੈਲੀਆਂ। ਕਈ ਆਸਥਾਵਾਂ ਦਾ ਹੋਰਨਾਂ ਖੇਤਰਾਂ ਤੋਂ ਇੱਥੇ ਆਗਮਨ ਹੋਇਆ ਅਤੇ ਸਵੀਕ੍ਰਿਤੀ ਤੇ ਸਥਾਨ ਹਾਸਲ ਕੀਤਾ। ਦੇਸ਼ ਦੀ ਇੱਕਠਿਆਂ ਰਹਿਣ ਦੀ ਇੱਕ ਸਮਰਿੱਧ ਪਰੰਪਰਾ ਹੈ। ਲੋਕ ਭਿੰਨ ਧਾਰਮਿਕ ਆਸਥਾਵਾਂ ਦੇ ਤਿਉਹਾਰ ਮਿਲ-ਜੁਲ ਕੇ ਮਨਾਉਂਦੇ ਹਨ। ਪ੍ਰੰਤੂ ਇਹ ਨਹੀਂ ਕਿਹਾ ਜਾ ਸਕਦਾ ਕਿ ਭਿੰਨ ਧਰਮਾਂ ਨਾਲ ਸੰਬੰਧਤ ਲੋਕਾਂ ਦਰਮਿਆਨ ਕਦੇ ਵੀ ਸਮੱਸਿਆਵਾਂ ਨਹੀਂ ਉਤਪੰਨ ਹੋਈਆਂ। ਅਸੀਂ ਇਨ੍ਹਾਂ ਸਮੱਸਿਆਵਾਂ ਦੀ ਚਰਚਾ ਕਰਾਂਗੇ ਅਤੇ ਉੱਥੇ ਸ਼ਾਮਲ ਮੁੱਦਿਆਂ ਦੇ ਮੁਖਾਤਬ ਹੋਵਾਂਗੇ।

### ਗਤੀਵਿਧੀ - 2

ਦੇਸ਼ ਵਿਚਲੇ ਭਿੰਨ ਧਰਮਾਂ ਦੀ ਸੂਚੀ ਤਿਆਰ ਕਰੋ ਅਤੇ ਰਾਸ਼ਟਰੀ ਮਰਦਮਸ਼ੁਮਾਰੀ ਅੰਕੜਿਆਂ ਤੋਂ ਆਬਾਦੀ ਦਾ ਪ੍ਰਤਿਸ਼ਤ ਹਾਸਲ ਕਰੋ ਜਿਹੜੇ ਇਨ੍ਹਾਂ ਧਰਮਾਂ ਦੀ ਪਾਲਣਾ ਕਰਦੇ ਹਨ। ਭਾਰਤ ਦਾ ਸੰਵਿਧਾਨ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਦਾ ਹੈ ਕਿ ਭਾਰਤ ਇੱਕ ਧਰਮਨਿਰਪੇਖ ਦੇਸ਼ ਹੋਵੇਗਾ। ਪ੍ਰੰਤੂ ਭਾਰਤੀ ਧਰਮ ਨਿਰਪੇਖਤਾ ਇਸ ਢੰਗ ਨਾਲ ਕਿਸੇ ਹੋਰ ਸਥਾਨ ਦੀਆਂ ਧਰਮ ਨਿਰਪੇਖ ਆਸਥਾਵਾਂ ਨਾਲੋਂ ਭਿੰਨ ਹੈ ਕਿ ਭਾਰਤ ਦੀ ਧਰਮ ਨਿਰਪੇਖਤਾ ਸਾਰੇ ਧਰਮਾਂ ਤੋਂ ਦੂਰੀ ਰੱਖਣ ਦੀ ਬਜਾਇ, ਸਾਰੇ ਧਰਮਾਂ ਨਾਲ ਬਰਾਬਰ ਦਾ ਵਿਵਹਾਰ ਕਰਦੀ ਹੈ। ਭਾਰਤੀ ਧਰਮ ਨਿਰਪੇਖਤਾ ਗੈਰ ਧਾਰਮਿਕ ਨਹੀਂ ਹੈ ਫੇਰ ਕਿਉਂ ਭਾਰਤ ਵਿੱਚ ਫਿਰਕੂ ਫਸਾਦ ਹਨ? ਬੀਤੇ ਸਮੇਂ ਵਿੱਚ ਧਾਰਮਿਕ ਉਨਮਾਦ ਦੇ ਅਸਲ ਕਾਰਣ



ਨੋਟ

ਕੀ ਹੋ ਸਕਦੇ ਹਨ? ਕੀ ਇਹ ਅਣਗਹਿਲੀ ਕਾਰਣ ਹਨ? ਕੀ ਇਹ ਵੰਡਾਤਮਕ ਮਸ਼ੀਨੀਕਰਣ ਅਤੇ ਰਾਸ਼ਟਰ ਵਿਰੋਧੀ ਤਾਕਤਾਂ ਕਾਰਣ ਹੈ, ਕੀ ਕੁਝ ਸਮੂਹਾਂ ਵੱਲੋਂ ਲੁਕਿਆ ਵੰਡਣ ਵਾਲਾ (ਫੁੱਟ ਪਾਊ) ਏਜੰਡਾ ਹੈ ਜਿਹੜੇ ਮੁੜ-ਮੁੜ ਫਿਰਕੂ ਮੁੱਦਿਆਂ ਨੂੰ ਲਿਆਂਦਾ ਹੈ ਅਤੇ ਫਿਰਕੂ ਭਾਵਨਾਵਾਂ ਨੂੰ ਭੜਕਾਉਂਦਾ ਹੈ? ਫਿਰਕੂ ਜਨੂਨ ਨੂੰ ਪ੍ਰੇਰਤ ਕਰਨ ਲਈ ਕਿਨ੍ਹਾਂ ਮੁੱਦਿਆਂ ਵਿੱਚ ਸਮਰੱਥਾ ਹੁੰਦੀ ਹੈ? ਅਜਿਹੇ ਮਾਮਲਿਆਂ ਦੇ ਦਿਲ ਉੱਪਰ ਧਰਮ ਪਰਿਵਰਤਣ ਅਤੇ ਧਾਰਮਿਕ ਬਦਲੀ, ਹੋਰਨਾਂ ਦੇ ਵਿਚਾਰਾਂ 'ਤੇ ਅਸਹਿਣਸ਼ੀਲਤਾ ਅਤੇ ਛੋਟੇ-ਛੋਟੇ ਨਿੱਜੀ ਹਿੱਤ ਹੋ ਸਕਦੇ ਹਨ। ਇਨ੍ਹਾਂ ਮੁੱਦਿਆਂ ਅਤੇ ਸੰਬੰਧਾਂ ਨੂੰ ਦੇਸ਼ ਦੇ ਭਵਿੱਖੀ ਨਾਗਰਿਕਾਂ ਨਾਲ ਖੁੱਲੇ ਤੌਰ 'ਤੇ ਚਰਚਾ ਕੀਤੀ ਜਾਣੀ ਚਾਹੀਦੀ ਹੈ। ਕੀ ਤੁਸੀਂ ਬੱਚਿਆਂ ਨਾਲ ਅਜਿਹੇ ਮੁੱਦਿਆਂ ਦੀ ਚਰਚਾ ਦੇ ਭਿੰਨ ਢੰਗ ਸੋਚ ਸਕਦੇ ਹੋ ਤਾਂ ਜੋ ਉਹ ਇੱਕ ਤਰਕਪੂਰਣ ਅਤੇ ਨਿਰਪੇਖ ਸਥਿਤੀ ਤੋਂ ਮੁੱਦਿਆਂ ਨੂੰ ਲੈ-ਲੈਣ।

## ਗਤੀਵਿਧੀ – 3

1. ਕੁਝ ਢੰਗਾਂ ਦੀ ਸੂਚੀ ਤਿਆਰ ਕਰੋ ਜਿਨ੍ਹਾਂ ਵਿੱਚ ਆਰਥਿਕ ਅਤੇ ਸਮਾਜਕ ਪ੍ਰੋਗ੍ਰਾਮ ਰਾਸ਼ਟਰੀ ਅਖੰਡਤਾ ਨੂੰ ਮਜਬੂਤ ਕਰਨ ਵਿੱਚ ਮਦਦ ਕਰ ਸਕਦੇ ਹਨ।

2. ਸਾਰੀਆਂ ਭਿੰਨ ਸ਼ਕਤੀਆਂ ਦੀ ਸੂਚੀ ਤਿਆਰ ਕਰੋ ਜਿਹੜੀਆਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਮਜ਼ੋਰ ਕਰਦੀਆਂ ਹੋਣ।

3. ਕੁਝ ਗਤੀਵਿਧੀਆਂ ਦੀ ਸੂਚੀ ਤਿਆਰ ਕਰੋ ਜਿਹੜੀਆਂ ਕਿ ਵਿਦਿਆਰਥੀ ਰਾਸ਼ਟਰੀ ਏਕੀਕਰਣ ਨੂੰ ਪ੍ਰੋਤਸਾਹਨ ਦੇਣ ਲਈ ਸਕੂਲ ਵਿੱਚ ਕਰ ਸਕਣ।

4. ਸਮਾਜ ਵਿਗਿਆਨ ਵਿਚਲੇ ਵਿਸ਼ਿਆਂ ਦੀ ਸੂਚੀ ਤਿਆਰ ਕਰੋ ਜਿਨ੍ਹਾਂ ਦਾ ਰਾਸ਼ਟਰੀ ਏਕਤਾ ਤੇ ਅਖੰਡਤਾ ਉੱਪਰ ਦਿਸ਼ਾਮਾਣ ਹੋਵੇ।

5. ਅੰਤਰਰਾਸ਼ਟਰੀ ਸੰਗਠਨਾਂ ਅਤੇ ਸੰਸਥਾਵਾਂ ਦੀ ਅਤੇ ਉਨ੍ਹਾਂ ਦੀਆਂ ਕਿਰਿਆਵਾਂ ਦੀ ਸੂਚੀ ਤਿਆਰ ਕਰੋ। ਤੁਸੀਂ ਯੂ ਐੱਨ ਓ, ਯੂਨੈਸਕੋ, ਯੂਨੀਸੈਫ, ਡਬਲਯੂ ਟੀ ਓ, ਆਈ ਸੀ ਜੇ, ਡਬਲਯੂ ਐੱਚ ਓ, ਐੱਫ ਏ ਓ ਆਦਿ ਦੀ ਕਿਰਿਆਸ਼ੀਲਤਾ ਅਤੇ ਵਰਤਮਾਨ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕਰੋ।

6. ਸਾਰੇ ਅੰਤਰਰਾਸ਼ਟਰੀ/ਵਿਸ਼ਵ ਦਿਵਸਾਂ ਜਿਵੇਂ ਕਿ ਯੂ ਐੱਨ ਓ ਦਿਵਸ ਜਾਂ ਵਿਸ਼ਵ ਵਾਤਾਵਰਣ ਦਿਵਸ ਆਦਿ ਦੀ ਸੂਚੀ ਤਿਆਰ ਕਰੋ। ਇੱਕ ਯੋਜਨਾ ਤਿਆਰ ਕਰੋ ਕਿ ਪੂਰੇ ਸਕੂਲੀ ਵਰ੍ਹੇ ਦੌਰਾਨ ਆਪਣੇ ਸਕੂਲ ਵਿੱਚ ਇਨ੍ਹਾਂ ਦਿਨਾਂ ਨੂੰ ਮਨਾ ਸਕਦੇ ਹੋ।

7. ਕਲਪਨਾ ਕਰੋ ਕਿ ਤੁਹਾਡੇ ਇਲਾਕੇ ਵਿੱਚ ਇੱਕ ਫਿਰਕੂ ਭਬੂਕਾ ਹੈ, ਸਾਰੀਆਂ ਸੰਭਵ ਗਤੀਵਿਧੀਆ ਦੀ ਕਲਪਨਾ ਕਰੋ ਜਿਨ੍ਹਾਂ ਦੀ ਤੁਸੀਂ ਅਤੇ ਤੁਹਾਡੇ ਵਿਦਿਆਰਥੀ ਫਿਰਕੂ ਭਾਵਨਾਵਾਂ ਨੂੰ ਸੰਭਾਲਣ ਲਈ ਵਰਤੋਂ ਕਰ ਸਕਦੇ ਹਨ।

## ਆਪਣੀ ਪ੍ਰਗਤੀ ਦੀ ਪਰਖ ਕਰੋ – 2



ਨੋਟ

1. ਉਨ੍ਹਾਂ ਸੰਵਿਧਾਨਕ ਕਦਰਾਂ-ਕੀਮਤਾਂ ਦੀ ਸੂਚੀ ਤਿਆਰ ਕਰੋ ਜਿਨ੍ਹਾਂ ਨੂੰ ਕਿ ਸਮਾਜ ਵਿਗਿਆਨ ਵਿਦਿਆਰਥੀਆਂ ਵਿੱਚ ਪ੍ਰੇਰਤ ਕਰ ਸਕੇ।

----------------------------------------------------------------
----------------------------------------------------------------
----------------------------------------------------------------
----------------------------------------------------------------

2. ਕਿਸ ਸਿੱਖਿਆ ਕਮਿਸ਼ਨ ਨੇ ਲੋਕਤੰਤਰ ਵਾਸਤੇ ਟਰੇਨਿੰਗ ਉਪਲੱਬਧ ਕਰਨ ਵਾਸਤੇ ਸਿਫਾਰਸ਼ ਕੀਤੀ ਹੈ?

----------------------------------------------------------------
----------------------------------------------------------------
----------------------------------------------------------------
----------------------------------------------------------------

3. ਕਿਹੜਾ ਵਿਦਿਅਕ ਦਸਤਾਵੇਜ਼ ਰਾਸ਼ਟਰੀ ਪਾਠਕ੍ਰਮ ਰੂਪਰੇਖਾ ਬਾਰੇ ਗੱਲ ਕਰਦਾ ਹੈ ਜਿਸ ਦਾ ਇੱਕ ਸਾਂਝਾ ਦ੍ਰਿਸ਼ਮਾਨ ਹੁੰਦਾ ਹੈ?

----------------------------------------------------------------
----------------------------------------------------------------
----------------------------------------------------------------
----------------------------------------------------------------

4. ਮਨੁੱਖਤਾ ਦੇ ਭਲੇ ਲਈ ਕੰਮ ਕਰਦੇ ਕੁਝ ਅੰਤਰਰਾਸ਼ਟਰੀ ਸੰਠਨਾਂ ਦੇ ਨਾਂਅ ਦੱਸੋ?

----------------------------------------------------------------
----------------------------------------------------------------
----------------------------------------------------------------
------------------------------------

## 2.2.5 ਸਮਾਜ ਵਿਗਿਆਨ ਪਾਠਕ੍ਰਮ ਉੱਪਰ ਮਾਤਹਿਤ ਪਰਿਪੇਖ ਦਾ ਪ੍ਰਭਾਵ

ਹੁਣੇ-ਹੁਣੇ ਕਈ ਲੋਕਾਂ, ਖਾਸਕਰ ਜਿਹੜੇ ਮਾਰਕਸੀ ਮੁਖੀ ਹਨ, ਨੇ ਸਮਾਜ ਅਤੇ ਇਤਿਹਾਸ ਵਿੱਚ ਗੈਰ-ਸ਼੍ਰੇਸ਼ਠ ਵਰਗ ਦੇ ਮੈਂਬਰਾਂ ਦੀਆਂ ਭੂਮਿਕਾਵਾਂ ਨੂੰ ਗਾਹੁਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਗੈਰ-ਸ਼੍ਰੇਸ਼ਠ ਵਰਗ ਦੇ ਮੈਂਬਰਾਂ ਨੂੰ 'ਵਿਸ਼ਿਸ਼ਟ' ਦੇ ਤੌਰ 'ਤ ਹਵਾਲਾ ਦਿੱਤਾ ਜਾਂਦਾ ਹੈ, ਇੱਕ ਸ਼ਬਦ ਜਿਸ ਦੀ ਕਿ 1980 ਵਿਆਂ 'ਚ ਸਮਾਜਕ ਅਤੇ ਇਤਿਹਾਸਕ ਸੰਦਰਭ ਵਿੱਚ ਹਾਸ਼ੀਆਕ੍ਰਿਤ ਅਤੇ ਦਬੇ ਕੁਚਲੇ ਲੋਕਾਂ ਨੂੰ ਚਿੰਨ੍ਹਤ ਕਰਨ ਲਈ ਤੇਜ਼ੀ ਨਾਲ ਵਰਤਿਆ ਗਿਆ, ਖਾਸਕਰ ਸਰਦਾਰੀ ਵਿਆਪੀਕਰਣ ਅਤੇ ਸਮਾਜਕ ਨਿਕਾਸ ਵਿਰੁੱਧ ਸੰਘਰਸ਼ ਕਰਨ ਵਾਲਿਆਂ ਵਿਰੁੱਧ। ਇਹ ਸ਼ਬਦ ਨਿਮਨ ਸ਼੍ਰੇਣੀਆਂ, ਦੱਬੇ

ਨੋਟ

ਕੁਚਲੇ, ਹੇਠ ਵਰਤੀ ਆਦਿ ਲਈ ਵੀ ਵਰਤਿਆ ਗਿਆ। ਮਾਤਹਿਤ ਪਰਿਪੇਖ ਇਤਿਹਾਸ ਨੂੰ ਹੇਠਾਂ ਤੋਂ ਵਾਚਦਾ ਹੈ ਅਤੇ ਇਤਿਹਾਸ ਵਿੱਚ ਸ਼੍ਰੇਸ਼ਠ ਵਰਗ ਪ੍ਰਭਾਵ ਨੂੰ ਸੁਧਾਰਣ 'ਤੇ ਕੇਂਦਰਤ ਹੁੰਦਾ ਹੈ, ਭਾਵੇਂ ਕਿ ਇਹ ਬ੍ਰਿਟਿਸ਼ ਜਾਂ ਭਾਰਤੀ ਰਾਸ਼ਟਰਵਾਦੀਆਂ ਵੱਲੋਂ ਲਿੱਖਿਆ ਹੋਵੇ। ਇਹ ਦਾਬਾ-ਮਾਤਹਿਤ ਸੰਬੰਧਾਂ ਦਾ ਅਧਿਐਨ ਕਰਦਾ ਹੈ। ਚਿੰਤਨ ਦੇ ਮਾਤਹਿਤ ਸਕੂਲ (ਸਮੂਹ) ਨੇ ਤੀਜੇ ਵਿਸ਼ਵ ਦੇ ਦੇਸ਼ਾਂ ਵਿੱਚ ਇਤਿਹਾਸ, ਅਰਥ ਸ਼ਾਸਤਰ ਅਤੇ ਸਮਾਜ ਵਿਗਿਆਨ ਦੇ ਅਧਿਐਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਮਾਤਹਿਤ ਪਰਿਪੇਖ ਨਿਮਨ ਤੋਂ ਸ਼੍ਰੇਸ਼ਠ ਵਰਗ ਦੀ ਸ਼ਕਤੀ ਤੱਕ ਇੱਕ ਜਵਾਬ ਹੈ, ਜਿਹੜੇ ਕਿ ਇਤਿਹਾਸ ਵਿੱਚ ਸਾਰਾ ਸਿਹਰਾ ਲੈਣਾ ਚਾਹੁੰਦੇ ਹਨ, ਸਮੇਤ ਜਿਹੜਾ ਸੁਤੰਤਰਤਾ ਸੰਘਰਸ਼ ਲਈ ਸੀ। ਕਿਸਾਨ ਅੰਦੋਲਨ, ਜਿਵੇਂ ਕਿ ਸਾਂਥਾਲ ਵਿਦਰੋਹ (1855), ਚੰਪਾਰਣ ਸਤਿਆਗ੍ਰਹਿ (1917-18) ਅਤੇ ਬਰਦੋਲੀ ਸਤਿਆਗ੍ਰਹਿ (1928) ਨੂੰ ਮਾਤਹਿਤ ਪ੍ਰਤਿਕਿਰਿਆਵਾਂ ਦੇ ਤੌਰ 'ਤੇ ਵੇਖਿਆ ਜਾ ਸਕਦਾ ਹੈ ਜਿਹੜੇ ਆਪਣੇ ਹੱਕਾਂ ਦੀ ਮੰਗ ਤੇ ਦਾਅਵਾ ਕਰਦੇ ਸਨ। ਇਹ ਅੰਦੋਲਨ ਮੁੱਢਲੇ ਤੌਰ 'ਤੇ ਨਵੇਂ ਲੈਂਡ ਰੈਵੇਨਿਊ ਸਿਸਟਮ ਅਤੇ ਬਸਤੀਵਾਦੀ ਪ੍ਰਸ਼ਾਸਨ ਦੀਆਂ ਦਮਨਕਾਰੀ ਆਰਥਕ ਨੀਤੀਆਂ ਕਾਰਣ ਹੋਏ। ਜਦੋਂ ਕਿਸਾਨ ਇਸ ਨੂੰ ਲੰਮਾ ਸਮਾਂ ਖਿੱਚ ਨਹੀਂ ਸਕੇ ਉਨ੍ਹਾਂ ਜਬਰ ਅਤੇ ਸ਼ੋਸ਼ਣ ਖਿਲਾਫ ਬਗਾਵਤ ਕਰ ਦਿੱਤੀ। ਭਾਰਤ ਵਰਗੇ ਦੇਸ਼ ਵਿੱਚ ਮਾਤਹਿਤ ਰੈਂਕ ਨਾਲ ਸੰਬੰਧਤ ਲੋਕ ਆਬਾਦੀ ਦਾ ਇੱਕ ਵੱਡਾ ਹਿੱਸਾ ਨਿਰਮਤ ਕਰਦੇ ਹਨ। ਉਨ੍ਹਾਂ ਸਿੱਟਿਆਂ ਬਾਰੇ ਸੋਚੋ ਜੇਕਰ ਸਾਡੀ ਆਬਾਦੀ ਦਾ ਇੱਕ ਵੱਡਾ ਖੰਡ (ਭਾਗ) ਤਿਆਗਿਆ, ਹਾਸ਼ੀਆਕ੍ਰਿਤ ਅਤੇ ਦਬਿਆ ਕੁਚਲਿਆ ਅਨੁਭਵ ਕਰਦਾ ਹੈ। ਕੀ ਤੁਸੀਂ ਸੋਚਦੇ ਹੋ ਕਿ ਅਜਿਹੀ ਇੱਕ ਸਥਿਤੀ ਵਿਕਾਸਸ਼ੀਲ ਮੁੱਦਿਆਂ ਲਈ ਅਹਿਮ ਨਿਹਿਤ ਭਾਵ ਧਾਰਣ ਕਰਦੀ ਹੈ। ਜੇਕਰ ਉਨ੍ਹਾਂ ਸਾਰੀਆਂ ਬਹੁਲਤਾਵਾਂ ਨੂੰ ਸਮਾਜਕ ਅਤੇ ਰਾਸ਼ਟਰੀ ਪ੍ਰਕਿਰਿਆਵਾਂ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ, ਲੋਕਤੰਤਰ ਸਫਲ ਹੋ ਸਕਦਾ ਹੈ? ਮਾਤਹਿਤ ਪਰਿਪੇਖ ਨੇ ਜਿਸ ਵਿੱਚ ਸਮਾਜ, ਵਿਕਾਸ ਅਤੇ ਪ੍ਰਸ਼ਾਸਨ ਆਦਿ ਮੁੱਦਿਆਂ ਨੂੰ ਵੇਖਿਆ ਜਾਂਦਾ ਹੈ, ਸੰਬੰਧੀ ਅਹਿਮ ਯੋਗਦਾਨ ਪਾਇਆ ਹੈ। ਇਹ ਪ੍ਰੀਖਣ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ ਕਿ ਉਸ ਬਹੁਲਤਾ ਦੀਆਂ ਆਵਾਜ਼ਾਂ ਨੂੰ ਕਿਵੇਂ ਸੁਣਿਆ ਜਾਂਦਾ ਹੈ? ਪਰਿਪੇਖ, ਅਥਾਰਟੀ - ਹੋਣੀ ਨੂੰ (ਮਾਤਹਿਤਾਂ ਦੀ ਹੋਣੀ) ਨਿਯੰਤ੍ਰਤ ਕਰਨ ਦੀ ਸ਼ਕਤੀ, ਨੂੰ ਰੋਕੀ ਰੱਖਣ ਲਈ ਸ਼੍ਰੇਸ਼ਠ ਵਰਗ ਦੀ ਸਰਦਾਰੀ ਵਾਲੀ ਪ੍ਰਕਿਰਤੀ ਨੂੰ ਰੱਦ ਕਰ ਦਿੱਤਾ ਹੈ। ਪਰਿਪੇਖ ਸਗੋਂ ਮੰਗ ਕਰਦਾ ਹੈ ਕਿ ਇਨ੍ਹਾਂ ਮੁੱਦਿਆਂ ਨੂੰ ਮਾਤਹਿਤਾਂ ਦੇ ਨਜ਼ਰੀਏ ਤੋਂ ਵੇਖਿਆ ਜਾਵੇ। ਉਨ੍ਹਾਂ ਨੂੰ ਆਪਣੇ ਬਾਰੇ ਗੱਲਬਾਤ ਕਰਨ ਦਿਓ। ਭਾਵੇਂ ਕਿ ਪਰਿਭਾਸ਼ਾ ਦੁਆਰਾ ਮਾਤਹਿਤ ਉਹ ਹਨ ਜਿਨ੍ਹਾਂ ਦੀਆਂ ਆਵਾਜ਼ਾਂ ਖਾਮੋਸ਼ ਹਨ, ਹੁਣ ਉਨ੍ਹਾਂ ਦੇ ਪਰਿਪੇਖ ਵੱਲ ਵਾਧੂ ਧਿਆਨ ਦਿੱਤਾ ਜਾ ਰਿਹਾ ਹੈ। ਸਮਾਜ ਬਾਰੇ ਸਾਡੀ ਸਮਝ ਅਧੂਰੀ ਰਹੇਗੀ ਜੇਕਰ ਅਸੀਂ ਮਾਤਹਿਤ ਨਜ਼ਰੀਏ ਨੂੰ ਨਜ਼ਰ ਅੰਦਾਜ਼ ਕਰ ਦੇਈਏ ਅਤੇ ਵਿਦਿਆਰਥੀਆਂ ਨੂੰ ਇਸ ਪਰਿਪੇਖ ਬਾਰੇ ਸੰਵੇਦਨਸ਼ੀਲ ਕਰਨ ਵਿੱਚ ਅਸਫਲ ਹੋ ਜਾਈਏ।

### 2.2.6 ਲਿੰਗ, ਜਾਤੀ ਅਤੇ ਕਬਾਇਲੀ ਪਰਿਪੇਖ

ਹੇਠਲੀ ਸਾਰਣੀ ਦਾ ਅਧਿਐਨ ਕਰੋ ਜਿਹੜੀ ਕਿ ਸਾਰੇ ਲੋਕਾਂ, ਮਰਦ ਅਤੇ ਔਰਤ ਲਈ ਸਾਰੇ ਸੂਬਿਆਂ ਅਤੇ ਸੰਘੀ ਖੇਤਰਾਂ ਦੀ ਸਾਖਰਤਾ ਦਰ ਨੂੰ ਦਰਸਾਉਂਦੀ ਹੈ।

**ਸਾਰਣੀ 2.1 : ਭਾਰਤੀ ਸੂਬਿਆਂ ਵਿੱਚ ਸਾਖਰਤਾ ਦਰ : ਮਰਦਮਸ਼ੁਮਾਰੀ 2011**

| | ਰਾਜ | ਸਾਰੇ ਲੋਕ | ਮਰਦ | ਔਰਤ |
|---|---|---|---|---|

ਨੋਟ

| | | | | |
|---|---|---|---|---|
| 1 | ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ | 86.3% | 90.1% | 81.8% |
| 2 | ਆਂਧਰਾ ਪ੍ਰਦੇਸ਼ | 67.7% | 75.6% | 59.7% |
| 3 | ਅਰੁਣਾਚਲ ਪ੍ਰਦੇਸ਼ | 67.0% | 73.7% | 59.6% |
| 4 | ਅਸਮ | 73.2% | 78.8% | 67.3% |
| 5 | ਬਿਹਾਰ | 63.8% | 73.5% | 53.3% |
| 6 | ਚੰਡੀਗੜ੍ਹ | 86.4% | 90.5% | 81.4% |
| 7 | ਛੱਤੀਸਗੜ੍ਹ | 71.0% | 81.5% | 60.6% |
| 8 | ਦਾਦਰਾ ਤੇ ਨਗਰ ਹਵੇਲੀ | 77.7% | 86.5% | 65.9% |
| 9 | ਦਮਨ ਤੇ ਦਿਊ | 87.1% | 91.5% | 79.6% |
| 10 | ਦਿੱਲੀ | 86.3% | 91.0% | 80.9% |
| 11 | ਗੋਆ | 87.4% | 92.8% | 81.8% |
| 12 | ਗੁਜਰਾਤ | 79.3% | 87.2% | 70.7% |
| 13 | ਹਰਿਆਣਾ | 76.6% | 85.4% | 66.8% |
| 14 | ਹਿਮਾਚਲ ਪ੍ਰਦੇਸ਼ | 83.8% | 90.8% | 76.6% |
| 15 | ਜੰਮੂ ਤੇ ਕਸ਼ਮੀਰ | 68.7% | 78.3% | 58.0% |
| 16 | ਝਾਰਖੰਡ | 67.6% | 78.5% | 56.2% |
| 17 | ਕਰਨਾਟਕ | 75.6% | 82.8% | 68.1% |
| 18 | ਕੇਰਲ | 93.9% | 96.0% | 92.0% |
| 19 | ਲਕਸ਼ਦੀਪ | 92.3% | 96.1% | 88.2% |
| 20 | ਮੱਧ ਪ੍ਰਦੇਸ਼ | 70.6% | 80.5% | 60.0% |
| 21 | ਮਹਾਰਾਸ਼ਟਰ | 82.9% | 89.8% | 75.5% |
| 22 | ਮਣੀਪੁਰ | 79.8% | 86.5% | 73.2% |
| 23 | ਮੇਘਾਲਿਆ | 75.5% | 77.2% | 73.8% |
| 24 | ਮਿਜ਼ੋਰਮ | 91.6% | 93.7% | 89.4% |
| 25 | ਨਾਗਾਲੈਂਡ | 80.1% | 83.3% | 76.7% |
| 26 | ਉੜੀਸਾ | 73.5% | 82.4% | 64.4% |
| 27 | ਪੁੱਡੂਚੇਰੀ | 76.7% | 81.5% | 71.3% |
| 28 | ਪੰਜਾਬ | 76.7% | 81.5% | 71.3% |
| 29 | ਰਾਜਸਥਾਨ | 67.1% | 80.5% | 52.7% |
| 30 | ਸਿੱਕਮ | 82.2% | 87.3% | 76.4% |



ਨੋਟ

| | | | | |
|---|---|---|---|---|
| 31 | ਤਾਮਿਲਨਾਡੂ | 80.3% | 86.8% | 73.9% |
| 32 | ਤ੍ਰਿਪੁਰਾ | 87.8% | 92.2% | 83.1% |
| 33 | ਉੱਤਰ ਪ੍ਰਦੇਸ਼ | 69.7% | 79.2% | 59.3% |
| 34 | ਉੱਤਰਾਖੰਡ | 79.6% | 88.3% | 70.7% |
| 35 | ਪੱਛਮੀ ਬੰਗਾਲ | 77.1% | 82.7% | 71.2% |
| | ਭਾਰਤ | 74.04% | 82.14% | 65.46% |

(ਸਰੋ : ਭਾਰਤ ਦੀ ਮਰਦਮਸ਼ੁਮਾਰੀ, 2011)

ਜੇਕਰ ਤੁਸੀਂ ਇਸ ਸਾਰਣੀ ਉੱਪਰੀ ਝਾਤ ਮਾਰੋ ਤੁਸੀਂ ਭਿੰਨ ਸੂਬਿਆਂ ਵਿੱਚ ਔਰਤਾਂ ਅਤੇ ਮਰਦਾਂ ਦੀ ਸਾਖਰਤਾ ਦਰ ਵਿੱਚ ਅੰਤਰ ਵੇਖੋਗੇ।

ਇੱਕ ਅੰਦਾਜ਼ੇ ਮੁਤਾਬਕ ਮਹਿਲਾਵਾਂ ਸਾਡੀ ਆਬਾਦੀ ਦਾ ਲਗਭਗ ਅੱਧਾ ਹਿੱਸਾ ਹਨ। ਭਾਵੇਂ ਕਿ ਭਾਰਤੀ ਸਮਾਜ ਵਿੱਚ ਮਾਤਰੀ ਪੂਜਾ ਦੀ ਪਰੰਪਰਾ ਹੈ, ਮਹਿਲਾਵਾਂ ਨਾਲ ਵਿਵਹਾਰ ਸੰਪੂਰਣ ਤੌਰ 'ਤੇ ਪੁਰਸ਼ਾਂ ਦੇ ਬਰਾਬਰ ਨਹੀਂ ਹੈ। ਤੁਸੀਂ ਆਬਾਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਵੇਖ ਸਕਦੇ ਹੋ ਕਿ ਕਿਸੇ ਵੀ ਸਮੂਹ ਵਿੱਚ, ਭਾਵੇਂ ਉਹ ਆਮ, ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਤੋਂ ਹੋਣ, ਮਹਿਲਾਵਾਂ ਆਪਣੇ ਪੁਰਸ਼ ਸਾਥੀਆਂ ਤੋਂ ਘੱਟ ਪੜ੍ਹੀਆਂ ਲਿੱਖੀਆਂ ਹਨ। ਤੁਸੀਂ ਇਹ ਵੀ ਵੇਖਿਆ ਹੋਵੇਗਾ ਕਿ ਭਾਰਤ ਵਿੱਚ ਲਿੰਗ ਅਨੁਪਾਤ ਮੁੜ ਪੁਰਸ਼ਾਂ ਦੇ ਮੁਕਾਬਲੇ ਮਹਿਲਾਵਾਂ ਦੀ ਸੰਖਿਆ ਦੀ ਗਿਰਾਵਟ ਦਰਸਾਉਂਦਾ ਹੈ। ਭਾਰਤ ਵਿੱਚ ਰਾਜਨੀਤਕ ਪ੍ਰਕਿਰਿਆ ਵਿੱਚ ਪੁਰਸ਼ਾਂ ਦੀ ਤੁਲਨਾ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਘੱਟ ਹੈ ਚੁਣੇ ਗਏ ਨੁਮਾਇੰਦਿਆਂ ਵਿੱਚ ਉਨ੍ਹਾਂ ਦੀ ਸੰਖਿਆ ਨਾਮਾਤਰ ਹੈ ਅਤੇ ਜਾਇਦਾਦ ਵੀ ਆਮਤੌਰ 'ਤੇ ਪੁਰਸ਼ ਦੇ ਨਾਂਅ 'ਤੇ ਹੀ ਹੁੰਦੀ ਹੈ। ਮਹਿਲਾਵਾਂ ਦੇ ਭਿੰਨ ਸਮਾਜਕ ਪਹਿਲੂਆਂ ਵਿੱਚ ਦੁਰਵਿਵਹਾਰ ਭਾਰਤ ਵਿੱਚ ਆਮ ਹੈ। ਇੱਥੋਂ ਤੱਕ ਕਿ ਸਾਡੇ ਸੱਭਿਅ ਸ਼ਹਿਰਾਂ ਦੀਆ ਸੜਕਾਂ ਵੀ ਉਨ੍ਹਾਂ ਲਈ ਸੁਰੱਖਿਅਤ ਨਹੀਂ ਹਨ। ਇੱਥੋਂ ਤੱਕ ਕਿ ਉਨ੍ਹਾਂ ਦੇ ਆਪਣੇ ਘਰਾਂ ਵਿੱਚ ਸੁਰੱਖਿਆ ਅਤੇ ਭਲਾਈ ਐਨੀ ਖਤਰਨਾਕ ਹੋ ਗਈ ਕਿ ਘਰੇਲੂ ਹਿੰਸਾ ਵਿਰੁੱਧ ਇੱਕ ਕਾਨੂੰਨ ਨੂੰ ਦੇਸ਼ ਵਿੱਚ ਗੰਭੀਰਤਾ ਨਾਲ ਲਾਗੂ ਕਰਨਾ ਗਿਆ। ਉਪਰੋਕਤ ਤੱਥਾਂ ਤੋਂ ਵੇਖਿਆ ਜਾ ਸਕਦਾ ਹੈ ਕਿ ਮਹਿਲਾਵਾਂ ਨਾਲ ਇੱਕ ਸਮਾਨ ਵਿਵਹਾਰ ਅਤੇ ਸਨਾਮਨ ਦੇ ਸਦਾਚਾਰ ਦੀ ਮਹਿਜ ਗੱਲ ਕਰਨਾ ਤੇ ਸਸ਼ਕਤੀਕਰਣ ਅਤੇ ਉਦਾਰਤਾ ਦੀ ਗੱਲ ਕਰਨਾ ਕਾਫੀ ਨਹੀਂ ਹੈ। ਜਦੋਂ ਹਕੀਕਤ ਵਿੱਚ ਸਥਿਤੀ ਵਾਪਰਦੀ ਹੈ ਜਿਹੜੀ ਉਨ੍ਹਾਂ ਨੂੰ ਵਿਪਰੀਤ ਸਥਿਤੀ ਵਿੱਚ ਸੁੱਟ ਦਿੰਦੀ ਹੈ, ਹਰੇਕ ਨੂੰ ਦੂਜੇ ਲਿੰਗ ਦੇ ਹਿੱਤਾਂ ਦੀ ਸੁਰੱਖਿਆ ਲਈ ਸਾਕਾਰਾਤਮਕ ਪ੍ਰਤਿਕਿਰਿਆ ਦੇਣੀ ਚਾਹੀਦੀ ਹੈ। ਭਾਰਤੀਆਂ ਦੀ, ਇੱਥੋਂ ਤੱਕ ਕਿ ਭਾਰਤੀ ਮਾਤਾਵਾਂ ਦੇ ਪੁਰਸ਼ ਬੱਚੇ ਦੀ ਧੁਨ ਨੇ ਸਥਿਤੀ ਨੂੰ ਮਹਿਲਾਵਾਂ ਵਿਰੁੱਧ ਬੁਰੀ ਤਰ੍ਹਾਂ ਘੁਮਾ ਦਿੱਤਾ ਹੈ।

### ਭਾਰਤ ਅਤੇ ਚੁਣੇ ਗਏ ਸੂਬਿਆਂ ਲਈ ਲਿੰਗ ਅਨੁਪਾਤ (1000 ਪੁਰਸ਼ਾਂ ਮਗਰ ਔਰਤਾਂ ਦੀ ਗਿਣਤੀ)

| ਭਾਰਤ | ਬਿਹਾਰ | ਛੱਤੀਸਗੜ੍ਹ | ਝਾਰਖੰਡ | ਉੜੀਸਾ | ਪੰਜਾਬ | ਯੂ ਪੀ | ਤੁਹਾਡਾ ਸੂਬਾ |
|---|---|---|---|---|---|---|---|
| | | | | | | | |



ਨੋਟ

| | | | | | | | |
|---|---|---|---|---|---|---|---|
| 940 | 916 | 991 | 947 | 978 | 893 | 908 | ਲੱਭੋ ਤੇ ਲਿੱਖੋ |

**(ਸਰੋਤ : ਭਾਰਤ ਦੀ ਮਰਦਮਸ਼ੁਮਾਰੀ, 2011)**

ਭਾਰਤ ਵਰਗੇ ਆਧੁਨਿਕ ਉਦਾਰ ਜਮਹੂਰੀ ਦੇਸ਼ ਵਿੱਚ ਸਥਿਤੀ ਪ੍ਰਸੰਸਾਯੋਗ ਨਹੀਂ ਹੈ ਜਦੋਂ ਦੁਨੀਆ ਵਿੱਚ ਵਿਕਸਤ ਰੁਤਬੇ ਦਾ ਦਾਅਵਾ ਕੀਤਾ ਜਾਂਦਾ ਹੈ।

ਸਥਿਤੀ ਭਾਰਤ ਵਿੱਚ ਵਿਵਹਾਰਕ ਪਰਿਵਰਤਣ ਦੀ ਮੰਗ ਕਰਦੀ ਹੈ। ਸਮਾਜਕ ਪਰਿਵਰਤਣ ਲਿਆਉਣ ਵਿੱਚ ਕਾਨੂੰਨ ਤੇ ਸ਼ਕਤੀ ਅਧੂਰੇ ਸਾਧਨ ਹਨ। ਵਿਸ਼ੇ ਦੇ ਤੌਰ ’ਤੇ ਸਮਾਜ ਵਿਗਿਆਨ ਅਤੇ ਸਮਾਜ ਵਿਗਿਆਨ ਅਧਿਆਪਕ ਦੇ ਤੌਰ ’ਤੇ ਤੁਸੀਂ ਪਾੜ੍ਹਿਆਂ ਵਿੱਚ ਅਜਿਹੇ ਵਿਵਹਾਰਕ ਪਰਿਵਰਤਨ ਲਿਆਉਣ ਵਿੱਚ ਕਾਫੀ ਕੁਝ ਕਰ ਸਕਦੇ ਹੋ। ਸਮਾਜ ਵਿਗਿਆਨ ਨੂੰ ਭਾਰਤ ਦੇ ਭਵਿੱਖੀ ਨਾਗਰਿਕਾਂ ਨੂੰ ਪਾਠਕ੍ਰਮ ਵਿੱਚ ਅਜਿਹੇ ਮੁੱਦਿਆਂ ਨੂੰ ਜਿਵੇਂ ਕਿ ਲਿੰਗ ਬਰਾਬਰੀ ਬਾਰੇ ਸਚੇਤ ਕਰਨਾ ਚਾਹੀਦਾ ਹੈ। ਕੁਝ ਮਿਸਾਲੀ ਮਹਿਲਾਵਾਂ ਦੇ ਭਾਰਤੀ ਇਤਿਹਾਸ ਅਤੇ ਸਮਾਜ ਵਿੱਚ ਯੋਗਦਾਨ ਦੀ ਸਿਰਫ ਚਰਚਾ ਹੀ ਕਾਫੀ ਨਹੀਂ ਹੈ। ਸਾਨੂੰ ਆਪਣਾ ਧਿਆਨ ਮਹਿਲਾਵਾਂ ਦੇ ਮੁੱਦਿਆਂ ਜਿਵੇਂ ਸਮਾਜ ਦੇ ਅਨਿੱਖੜਵੇਂ ਭਾਗ ਦੇ ਤੌਰ ’ਤੇ, ਸਮਾਜਕ ਬਿਹਤਰੀ ਅਤੇ ਪ੍ਰਗਤੀ ਵੱਲ ਸੰਪੂਰਣ ਤੌਰ ’ਤੇ ਉਨ੍ਹਾਂ ਦੇ ਯੋਗਦਾਨ, ਦੇਸ਼ ਦੀ ਅਰਥ ਵਿਵਸਥਾ ਵਿੱਚ ਉਨ੍ਹਾਂ ਦੀ ਭਾਗੀਦਾਰੀ, ਜਾਇਦਾਦ, ਬਰਾਬਰੀ ਗੌਰਵ ਅਤੇ ਮਾਣ-ਸਨਮਾਨ ਦਾ ਅਧਿਕਾਰ ਉੱਪਰ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਇੱਕ ਅਹਿਮ ਮੁੱਦਾ ਬਾਲੜੀ ਦੀ ਸਿੱਖਿਆ ਹੈ। ਸੁਤੰਤਰਤਾ ਤੋਂ ਬਾਅਦ ਮਹਿਲਾ ਸਾਖਰਤਾ ਵਿੱਚ ਵਾਧਾ ਹੋ ਰਿਹਾ ਹੈ, ਅੱਜ ਸਕੂਲਾਂ ਵਿੱਚ ਵਧੇਰੇ ਲੜਕੀਆਂ ਪੜ੍ਹਨ ਲਈ ਜਾਂਦੀਆਂ ਹਨ। ਲੜਕੀਆਂ ਲਈ ਗੁਣਵੱਤਾ ਪ੍ਰੇਰਤ ਸਿੱਖਿਆ ਲਈ ਪ੍ਰਬੰਧਨ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਲਿੰਗ ਸਮਾਨਤਾ ਹਾਸਲ ਕਰਨ ਲਈ ਖੇਤਰ ਵਿੱਚ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ।

ਭਾਰਤ ਵਿੱਚ ਪਛੜੀਆਂ ਜਾਤੀਆਂ ਕਈ ਸਮਾਜਕ, ਆਰਥਕ, ਰਾਜਨੀਤਕ ਅਤੇ ਧਾਰਮਿਕ ਵਿਸ਼ੇਸ਼ ਅਧਿਕਾਰਾਂ ਤੋਂ ਵਾਂਝੀਆਂ ਹਨ। ਕ੍ਰਮਬੱਧ ਸਮਾਜ ਦੀ ਜਾਤੀ ਦੇ ਧਰਾਤਲ ’ਤੇ ਉਹ ਗਰੀਬੀ, ਜਲਾਲਤ ਅਤੇ ਸ਼ੋਸ਼ਣ ਤੋਂ ਭੁਗਤ ਚੁੱਕੇ ਹਨ। ਭਾਰਤੀ ਸਮਾਜ ਦੇ ਸਮਕਾਲੀ ਢਾਂਚੇ ਨੇ ਪਛੜੀਆ ਜਾਤੀਆਂ ’ਤੇ ਦਾਬੇ ਨੂੰ ਚਿਰਸਥਾਈ ਕੀਤਾ। ਸਮੇਂ ਦੀ ਲੋੜ ਹੈ ਪੱਛੜੀਆਂ ਜਾਤੀਆਂ ਦੇ ਉੱਪਰ ਉੱਠਣ ਦੀ ਇੱਛਾ ਨੂੰ ਤਰਕਪੂਰਣ ਅਤੇ ਆਲੋਚਨਾਤਮਕ ਚਿੰਤਨ ਲਈ ਉਨ੍ਹਾਂ ਦੀ ਵਿਚਾਰਧਾਰਾ ਅਤੇ ਸਮਰੱਥਾ ਦੀ ਵਰਤੋਂ ਕਰਕੇ ਮਜਬੂਤ ਕਰਨਾ ਹੈ। ਪਛੜੀਆਂ ਜਾਤੀਆਂ ਲਈ ਕੰਮ ਅਤੇ ਰਾਜਨੀਤੀ ਵਿੱਚ ਪ੍ਰਵੇਸ਼ ਕਰਨ ਅਤੇ ਅਗਵਾਈ ਲਈ ਆਪਣੀ ਸਮਰੱਥਾ ਤੇ ਗੁਣਵੱਤਾ ਨੂੰ ਵਿਕਸਤ ਕਰਨਾ ਵੀ ਜ਼ਰੂਰੀ ਹੈ। ਪਛੜੀਆਂ ਜਾਤੀਆਂ ਨੂੰ ਸਵੈ-ਮਾਣ ਅਤੇ ਸਨਮਾਨਯੋਗ ਜੀਵਨ ਸ਼ੈਲੀ ਦੀ ਅਭਿਲਾਸ਼ਾ ਨੂੰ ਦ੍ਰਿੜਾਉਣਾ ਚਾਹੀਦਾ ਹੈ, ਜਿਸ ਵਿੱਚ ਅਪਜਸ ਵਾਲੀਆਂ ਪਾਰੰਪਰਿਕ ਅਮਲਾਂ ਦਾ ਕੋਈ ਸਥਾਨ ਨਹੀਂ ਹੋਵੇਗਾ। ਇਹ ਸਾਰੀਆਂ ਕਿਰਿਆਵਾਂ ਅਤੇ ਪ੍ਰਗਤੀ ਹੇਠਾਂ ਤੋਂ ਆਉਣੀਆਂ ਚਾਹੀਦੀਆਂ ਹਨ, ਖੁਦ ਪਛੜੀਆਂ ਜਾਤੀਆਂ ਦੇ ਲੋਕਾਂ ਤੋਂ ਅਰਥ ਭਰਪੂਰ ਪਰਿਵਰਤਣਸ਼ੀਲ ਪ੍ਰਕਿਰਿਆ ਹੋਵੇ। ਹਜ਼ਾਰਾਂ ਸਾਲਾਂ ਦੇ ਵਿਤਕਰੇ ਅਤੇ ਦਮਨ ਨੂੰ ਪਾਰਗਾਮੀ ਕਰਨ ਦਾ ਸਿੱਖਿਆ ਇੱਕ ਅਹਿਮ ਮਾਧਿਅਮ ਹੈ। ਅਨੁਸੂਚਿਤ ਜਾਤੀਆਂ ਦੇ ਵਿਦਿਅਕ

ਵਿਕਾਸ ਦਾ ਕੇਂਦਰੀ ਫੋਕਸ ਸਾਰੇ ਪੜਾਵਾਂ ਅਤੇ ਸਿੱਖਿਆ ਦੇ ਪੱਧਰਾਂ ਉੱਪਰ, ਸਾਰੇ ਖੇਤਰਾਂ ਅਤੇ ਸਾਰੀਆਂ ਵਿਮਾਵਾਂ - ਪੇਂਡੂ ਪੁਰਸ਼, ਪੇਂਡੂ ਮਹਿਲਾ, ਸ਼ਹਿਰੀ ਪੁਰਸ਼, ਸ਼ਹਿਰੀ ਮਹਿਲਾ (ਐਨ ਸੀ ਈ, 1986) ਨਾਲ ਬਰਾਬਰੀ ਹੈ।

ਨੋਟ

### ਸਾਰਣੀ 2.3 : ਚੁਣੇ ਹੋਏ ਸੂਬਿਆਂ ਵਿੱਚ ਐਸ ਸੀ ਅਤੇ ਐਸ ਈ ਆਬਾਦੀ ਵਿਚਕਾਰ ਸਾਖਰਤਾ

| ਸੂਬੇ | ਅਨੁਸੂਚਿਤ ਜਾਤੀਆਂ | ਅਨੁਸੂਚਿਤ ਕਬੀਲੇ |
|---|---|---|
| | ਸਾਰੇ ਲੋਕ ਮਹਿਲਾਵਾਂ | ਸਾਰੇ ਲੋਕ ਮਹਿਲਾਵਾਂ |
| ਬਿਹਾਰ | 28.5 15.6 | 28.2 15.5 |
| ਛੱਤੀਸਗੜ੍ਹ | 64.0 49.2 | 52.1 39.3 |
| ਝਾਰਖੰਡ | 37.6 22. 5 | 40.7 27.2 |
| ਉੜੀਸਾ | 55.5 40. 3 | 37.4 23.4 |
| ਯੂ ਪੀ | 46.3 30. 5 | 35.1 20.7 |
| ਭਾਰਤ | 54.69 | 47.10 |

(ਸ੍ਰੋਤ : ਭਾਰਤ ਦੀ ਮਰਦਮਸ਼ੁਮਾਰੀ 2001)

ਇਨਕਲਾਬੀ ਸਮਾਜਕ ਪਰਿਵਰਤਣ ਲਈ ਸੰਘਰਸ਼ ਵਿੱਚ ਸਿੱਖਿਆ ਇੱਕ ਪ੍ਰਬਲ ਹਥਿਆਰ ਹੈ। ਪਛੱੜੀਆਂ ਜਾਤੀਆਂ ਦੇ ਬੱਚਿਆਂ ਨੂੰ ਸਿੱਖਿਆ ਦੀ ਪ੍ਰਕਿਰਿਆ ਵਿੱਚ ਕਿਰਿਆਸ਼ੀਲਤਾ ਨਾਲ ਭਾਗ ਲੈ ਕੇ ਸਦੀਆਂ ਪੁਰਾਣੇ ਸਮਾਜਕ ਅਤੇ ਆਰਥਕ ਬੰਧਨਾਂ ਨੂੰ ਤੋੜਨਾ ਚਾਹੀਦਾ ਹੈ। ਸਿੱਖਿਆ ਨੂੰ ਮਾਨਸਿਕ ਸਚੇਤਤਾ ਅਤੇ ਸਮਾਜਕ ਤੇ ਨੈਤਿਕ ਸਚੇਤਤਾ ਵੱਲ ਸੇਧ ਦੇਣੀ ਚਾਹੀਦੀ ਹੈ। ਸਿੱਖਿਆ ਹੀਣ ਰੁਤਬੇ ਅਤੇ ਮਨ ਦੀ ਅਵਸਥਾ ਉੱਪਰ ਕਾਬੂ ਪਾਉਣ ਦਾ ਵੀ ਸਾਧਨ ਹੈ। ਪਾਠਕ੍ਰਮ ਸੱਭਿਆਚਾਰ, ਭਾਸ਼ਾ ਅਤੇ ਇਨ੍ਹਾਂ ਲੋਕਾਂ ਦੇ ਗਿਆਨ ਪ੍ਰਤਿ ਸੰਵੇਦਨਸ਼ੀਲ ਵੀ ਹੋਣਾ ਚਾਹੀਦਾ ਹੈ। ਪਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਕੋਲ ਉਹ ਸਭ ਜੋੜਨ ਦਾ ਅਵਸਰ ਹੋਣਾ ਚਾਹੀਦਾ ਹੈ ਜੋ ਉਹ ਆਪਣੇ ਸਕੂਲ/ਗੁਆਂਢ ਅਤੇ ਸੱਭਿਆਚਾਰ ਤੋਂ ਸਿੱਖਦਾ ਹੈ। ਹੋਰ, ਨਹੀਂ ਤਾਂ ਉਹ ਵਖਰੇਪਣ ਅਤੇ ਹੀਣਤਾ ਦੀ ਜਟਿਲ ਭਾਵਨਾ ਨੂੰ ਵਿਕਸਤ ਕਰਨ ਲਈ ਬੱਝਿਆ ਹੋਇਆ ਹੈ, ਜੇਕਰ ਉਸ ਨੂੰ ਉਹ ਰੱਦ ਕਰਨਾ ਹੈ ਜੋ ਉਸਦਾ ਹੈ ਅਤੇ ਉਹ ਸਵੀਕਾਰ ਕਰਦਾ ਹੈ ਜਿਹੜਾ ਕਿ ਉਸਨੂੰ ਪ੍ਰਬਲ ਸਮੂਹਾਂ ਵੱਲੋਂ ਉਸ ਨੂੰ ਸੌਂਪਿਆ ਜਾਂਦਾ ਹੈ।

ਅਨੁਸੂਚਿਤ ਕਬੀਲੇ ਭਾਰਤ ਦੀ ਆਬਾਦੀ ਦਾ ਇੱਕ ਆਕਾਰਯੋਗ ਅਨੁਪਾਤ ਬਣਾਉਂਦਾ ਹੈ। ਪਰੰਪਰਾਗਤ ਤੌਰ ’ਤੇ ਉਨ੍ਹਾਂ ਆਪਣੀ ਭਾਸ਼ਾ ਅਤੇ ਭਿੰਨ ਸੱਭਿਆਚਾਰਾਂ ਨਾਲ ਸੁਤੰਤਰ ਜ਼ਿੰਦਗੀਆਂ ਜੀਵੀਆਂ ਹਨ। ਬਹੁਤੇ ਕਬੀਲਿਆਂ ਦੀ ਆਪਣੀ ਭਾਸ਼ਾ ਹੁੰਦੀ ਹੈ, ਭਾਵੇਂ ਕਿ ਭਾਸ਼ਾ ਸਿਰਫ ਬੋਲਚਾਲ ਲਈ ਹੈ। ਉਨ੍ਹਾਂ ਦੇ ਆਪੋ-ਆਪਣੇ ਰੀਤੀ-ਰਿਵਾਜ਼, ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਹੁੰਦੀਆਂ ਹਨ। ਪ੍ਰਕਿਰਤੀ ਬਾਰੇ ਉਨ੍ਹਾਂ ਦਾ ਅੰਤਰੀਵੀ ਗਿਆਨ ਉਨ੍ਹਾਂ ਨੂੰ ਵਿਲੱਖਣ ਬਣਾਉਂਦਾ ਹੈ। ਉਹ ਪ੍ਰਕਿਰਤੀ ਨਾਲ ਨਿਕਟ ਸੰਬੰਧਨ ਵਿੱਚ ਰਹਿੰਦੇ ਹਨ ਅਤੇ ਵਾਤਾਵਰਣ ਦੇ ਹੋਰਨਾਂ ਤੱਤਾਂ ਨਾਲ ਸੁਮੇਲਤਾ ਵਿੱਚ। ਉਹ ਅਭਿਮਾਨੀ ਲੋਕ ਹੁੰਦੇ ਹਨ ਜਿਹੜੇ ਆਪਦੀ ਸ਼ਾਨ (ਵੱਕਾਰ) ਅਤੇ ਜ਼ਿੰਦਗੀ ਦੇ ਰਾਹ ਨੂੰ ਬਚਾਉਣ ਲਈ ਤਤਪਰ ਰਹਿੰਦੇ ਹਨ। ਉਨ੍ਹਾਂ ਵਿੱਚੋਂ ਕਈਆਂ ਨੇ ਤਾਂ ਆਪਣੀ ਜ਼ਮੀਨ ਤੇ ਸੱਭਿਆਚਾਰ ਦੀ ਸੁਰੱਖਿਆ ਲਈ ਬਹਾਦਰੀ ਨਾਲ ਅੰਗ੍ਰੇਜ਼ਾਂ ਨਾਲ ਲੜਾਈ ਵੀ ਕੀਤੀ ਜਿਸ ਦੀਆਂ 1855 ਦਾ ਸਾਂਥਾਲ ਵਿਦਰੋਹ ਅਤੇ ਬਿਰਸਾ ਮੁੰਡਾ ਦੀ ਅਗਵਾਈ ਵਿੱਚ ਬਗਾਵਤ ਕੁਝ ਮਿਸਾਲਾਂ ਹਨ।

ਕਿਉਂਕਿ ਕਬਾਇਲੀ ਸਹਿਜਵਾਸ ਜ਼ਿਆਦਾਤਰ ਮੁਸ਼ਕਲ ਭੂ-ਭਾਗ ਅਤੇ ਪਹਾੜੀ ਇਲਾਕਿਆਂ ਵਿੱਚ ਹੁੰਦਾ ਹੈ, ਉਹ ਆਮਤੌਰ ’ਤੇ ਅੱਜ ਦੇ ਸਨਅਤੀ ਅਤੇ ਰਾਜਨੀਤਕ ਕੇਂਦਰਾਂ ਤੋਂ ਦੂਰ ਰਹੇ, ਜਿਨ੍ਹਾਂ ਉਨ੍ਹਾਂ ਨੂੰ ਨਿਸ਼ਚਤ ਤੌਰ ’ਤੇ ਨੁਕਸਾਨ ਪਹੁੰਚਾਇਆ। ਉਨ੍ਹਾਂ ਦੀਆਂ ਵੱਖਰੀਆਂ ਭਾਸ਼ਾਵਾਂ ਨੇ ਉਨ੍ਹਾਂ ਦੇ ਬੱਚਿਆਂ ਉੱਪਰ ਵਾਧੂ ਬੋਝ ਪਾਇਆ, ਜਿਨ੍ਹਾਂ ਨੂੰ ਕਿਸੇ ਦੂਜੀ ਭਾਸ਼ਾ ਵਿੱਚ ਸਿੱਖਿਆ ਪ੍ਰਾਪਤ ਕਰਨੀ ਹੁੰਦੀ ਹੈ, ਆਮਤੌਰ ’ਤੇ ਜਿਹੜੀ ਉਨ੍ਹਾਂ ਵਾਸਤੇ ਵਿਦੇਸ਼ੀ ਹੁੰਦੀ ਸੀ। ਅਸਲ ਗੱਲ ਇਹ ਕਿ ਉਨ੍ਹਾਂ ਦੇ ਆਪਣੇ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਕਦੇ ਹੀ ਸਕੂਲ ਦੇ ਪਾਠਕ੍ਰਮ ਅਤੇ ਪਾਠ ਪੁਸਤਕਾਂ ਵਿੱਚ ਪੇਸ਼ ਕੀਤਾ ਗਿਆ, ਜਿਸ ਨੇ ਕਬਾਇਲੀ ਪਾੜਿਆਂ ਲਈ ਮੁਸ਼ਕਲ ਪੈਦਾ ਕੀਤੀ, ਉਹ ਆਪਣੀ ਸਕੂਲ ਦੀ ਸਿਖਲਾਈ ਨੂੰ ਆਪਣੇ ਫੌਰੀ ਚੁਗਿਰਦੇ ਨਾਲ ਜੋੜ ਨਹੀਂ ਸਕਦੇ। ਸਿੱਖਿਆ ਉੱਪਰ ਰਾਸ਼ਟਰੀ ਨੀਤੀ (1986) ਆਖਦੀ ਹੈ : ਸਿੱਖਿਆ ਦੇ ਸਾਰੇ ਪੜਾਵਾਂ ’ਤੇ ਪਾਠਕ੍ਰਮ ਨੂੰ ਕਬਾਇਲੀ ਲੋਕਾਂ ਦੀ ਸਮਰਿੱਧ ਸੱਭਿਆਚਾਰਕ ਪਛਾਣ ਅਤੇ ਉਨ੍ਹਾਂ ਦੇ ਵਿਸਤ੍ਰਿਤ ਰਚਨਾਤਮਕ ਹੁਨਰ ਪ੍ਰਤਿ ਵੀ ਜਾਗਰੂਕਤਾ ਉਤਪੰਨ ਕਰਨ ਲਈ ਤਿਆਰ ਕੀਤਾ ਜਾਵੇਗਾ। ਸਮਾਜ ਵਿਗਿਆਨ ਇੱਕ ਢੁੱਕਵਾਂ ਵਿਸ਼ਾ ਹੈ ਜਿਸ ਵਿੱਚ ਇਤਿਹਾਸ, ਸੱਭਿਆਚਾਰ, ਵਾਤਾਵਰਣ ਅਤੇ ਵਿਕਾਸ ਦੇ ਕਬਾਇਲੀ ਪਰਿਪੇਖਾਂ ਦੀ ਚਰਚਾ ਕੀਤੀ ਜਾ ਸਕੇ।

## ਗਤੀਵਿਧੀ – 4

1. ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਭਾਰਤ ਅਤੇ ਤੁਹਾਡੇ ਆਪਣੇ ਸੂਬੇ ਵਿੱਚ ਲਿੰਗ ਅਨੁਪਾਤ (100 ਪੁਰਸ਼ਾਂ ਮਗਰ ਮਹਿਲਾਵਾਂ ਦੀ ਗਿਣਤੀ) ਦਾ ਪਤਾ ਲਗਾਓ।

2. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਆਮ ਜਾਤੀਆਂ ਦੀ ਸਾਖਰਤਾ ਦਰ ਦੀ ਤੁਲਨਾ ਕਰੋ। ਆਮ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬਾਇਲੀ ਆਬਾਦੀ ਦੇ ਪੁਰਸ਼ਾਂ ਨਾਲ ਮਹਿਲਾਵਾਂ ਦੀ ਸਾਖਰਤਾ ਦਰ ਦੀ ਤੁਲਨਾ ਕਰੋ। ਤੁਸੀਂ ਕੀ ਅਨੁਭਵ ਕਰਦੇ ਹੋ? ਕਿਹੜਾ ਸਮੂਹ ਤੁਸੀਂ ਮੰਨਦੇ ਹੋ ਸਿੱਖਿਆ ਦੇ ਤੌਰ ’ਤੇ ਪੱਛੜਿਆ ਹੈ? ਸਾਰਿਆਂ ਸਮੂਹਾਂ ਵਿੱਚ ਤੁਸੀਂ ਕਿਹੜੇ ਇੱਕਲੇ ਸਮੂਹ ਨੂੰ ਸਭ ਤੋਂ ਵੱਧ ਸਿੱਖਿਆ ਦੇ ਤੌਰ ’ਤੇ ਪਛੜਿਆ ਸਮਝਦੇ ਹੋ?



ਨੋਟ

3. ਪਤਾ ਲਗਾਓ ਕਿ ਕਿਨ੍ਹਾਂ ਸੂਬਿਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਉਚਤਮ ਆਬਾਦੀ ਸੰਘਣਤਾ ਹੈ। ਉਨ੍ਹਾਂ ਸੂਬਿਆਂ ਦੀ ਜਿਨ੍ਹਾਂ ਵਿੱਚ ਹੋਰਨਾਂ ਸੂਬਿਆਂ ਦੀ ਤੁਲਨਾ ਵਿੱਚ ਅਨੁਸੁਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਆਬਾਦੀ ਵਧੇਰੇ ਹੈ, ਆਰਥਿਕ ਅਤੇ ਵਿਕਾਸਾਤਮਕ ਸਥਿਤੀਆਂ ਬਾਰੇ ਕੀ ਜਾਣਦੇ ਹੋ? ਆਪਣੇ ਅਧਿਐਨ ਤੋਂ ਤੁਸੀਂ ਕੀ ਪਰਿਣਾਮ ਕੱਢਦੇ ਹੋ? ਆਪਣੇ ਸਿੱਟਿਆਂ ਨੂੰ ਲਿੱਖਤੀ ਰੂਪ ਵਿੱਚ ਪੇਸ਼ ਕਰੋ ਅਤੇ ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਅਤੇ ਸਾਥੀਆਂ ਨਾਲ ਚਰਚਾ ਕਰੋ।

4. ਆਪਣੇ ਮਰਦਮਸ਼ੁਮਾਰੀ ਅੰਕੜਿਆਂ ਦੇ ਆਧਾਰ 'ਤੇ ਭਾਰਤ ਵਿਚਲੇ ਸਭ ਤੋਂ ਵੱਧ ਅਸੁਰੱਖਿਅਤ ਸਮੂਹ ਦੀ ਪਛਾਣ ਕਰੋ।

## ਆਪਣੀ ਪ੍ਰਗਤੀ ਦੀ ਪਰਖ ਕਰੋ – 3

1. ਮਾਤਹਿਤ (ਵਿਸ਼ਿਸ਼ਟ) ਕੌਣ ਹਨ?

----------------------------------------------------------------

----------------------------------------------------------------

----------------------------------------------------------------

----------------------------------------------------------------

2. ਇਤਿਹਾਸ ਤੋਂ ਕਿਸੇ ਇੱਕ ਮਾਤਹਿਤ ਅੰਦੋਲਨ ਦਾ ਨਾਂਅ ਦੱਸੋ।

----------------------------------------------------------------

----------------------------------------------------------------

----------------------------------------------------------------

----------------------------------------------------------------

3. ਸਾਖਰਤਾ ਦਰਾਂ ਨੂੰ ਵਿਚਾਰਨ ਮਗਰੋਂ ਦੱਸੋ ਕਿ ਕਿਹੜਾ ਸਮੂਹ ਸੱਭ ਤੋਂ ਵੱਧ ਪੱਛੜਿਆ ਸਮੂਹ ਹੈ?

----------------------------------------------------------------

----------------------------------------------------------------

----------------------------------------------------------------

----------------------------------------------------------------

## 2.2.7 ਸਮਾਜ ਵਿਗਿਆਨ ਪਾਠਕ੍ਰਮ ਉੱਪਰ ਅੰਤਰਰਾਸ਼ਟਰੀ ਪਰਿਪੇਖ

ਅਸੀਂ ਵਿਸ਼ਵਵਿਆਪੀਕਰਣ ਦੇ ਯੁੱਗ ਵਿੱਚ ਰਹਿ ਰਹੇ ਹਾਂ। ਦੁਨੀਆ ਦੇ ਲੋਕ ਅਤੇ ਰਾਸ਼ਟਰ ਵਰਤਮਾਨ ਯੁੱਗ ਵਿੱਚ ਅੰਤਰ ਸੰਬੰਧਤ ਅਤੇ ਅੰਤਰ ਨਿਰਭਰ ਹਨ। ਆਵਾਜਾਈ ਅਤੇ ਸੰਚਾਰਣ ਦੇ ਸੰਸ਼ੋਧਤ ਢੰਗਾਂ ਨੇ ਦੁਨੀਆ ਦੇ ਲੋਕਾਂ ਤੇ ਸਥਾਨਾਂ ਵਿਚਕਾਰਲੀ ਦੂਰੀ ਨੂੰ ਘੱਟ ਕਰ ਦਿੱਤਾ ਹੈ। ਕਈ ਚੁਣੌਤੀਆਂ ਜਿਨ੍ਹਾਂ ਦਾ ਅੱਜ ਲੋਕਾਂ ਅਤੇ ਸਮਾਜਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਪ੍ਰਕਿਰਤੀ ਵਿੱਚ ਅੰਤਰਰਾਸ਼ਟਰੀ

ਨੋਟ

ਹਨ। ਮਿਸਾਲ ਦੇ ਤੌਰ 'ਤੇ ਵਾਤਾਵਰਨ ਦੀ ਸੰਭਾਲ, ਵਾਤਾਵਰਣਕ ਪ੍ਰਦੂਸ਼ਣ ਦਾ ਨਿਯੰਤ੍ਰਣ ਅਤੇ ਵਾਤਾਵਰਣਕ ਸਰੋਤਾਂ ਦੀ ਉਚਿਤ ਵਰਤੋਂ ਸਾਰੇ ਲੋਕਾਂ ਅਤੇ ਸਮਾਜਾਂ ਦੀ ਜ਼ਿੰਮੇਵਾਰੀ ਹੈ। ਕਈ ਹੋਰ ਮੁੱਦੇ ਜਿਨ੍ਹਾਂ ਦੇ ਸਮੁੱਚੀ ਮਨੁੱਖ ਜਾਤੀ ਲਈ ਨਿਹਿਤ ਭਾਵ ਹਨ, ਉਹ ਹਨ : ਵਪਾਰ ਅਤੇ ਵਣਜ, ਅੰਤਰਰਾਸ਼ਟਰੀ ਸ਼ਾਂਤੀ, ਸੰਘਰਸ਼ਾਂ ਅਤੇ ਰਾਸ਼ਟਰਾਂ ਦਰਮਿਆਨ ਹਥਿਆਰਾਂ ਦੀ ਦੌੜ 'ਤੇ ਨਿਯੰਤ੍ਰਣ, ਅੱਤਵਾਦ, ਵੱਡੇ ਪੱਧਰ 'ਤੇ ਪ੍ਰਾਕਿਰਤਕ ਬਿਪਤਾਵਾਂ ਜਿਵੇਂ ਸੁਨਾਮੀ ਆਦਿ। ਸਮਾਜ ਵਿਗਿਆਨ ਪਾਠਕ੍ਰਮ ਦੀ ਹੁਣ ਜ਼ਿੰਮੇਵਾਰੀ ਬਣਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੇ ਸਾਰੇ ਵਿਆਪਕ ਮੁੱਦਿਆਂ ਬਾਰੇ ਜਾਗਰੂਕ ਕੀਤਾ ਜਾਵੇ।

ਆਧੁਨਿਕ ਯੁੱਗ ਵਿੱਚ ਮਨੁੱਖੀ ਵਿਕਾਸ, ਜ਼ਿੰਦਗੀ ਦਾ ਮਿਆਰ ਅਤੇ ਮਨੁੱਖੀ ਅਧਿਕਾਰਾਂ ਨੇ ਵਿਆਪਕ ਨਿਹਿਤਭਾਵ ਵੀ ਹਾਸਲ ਕੀਤੇ। ਦੁਨੀਆ ਦੇ ਇੱਕ ਭਾਗ ਵਿੱਚ ਵਿਕਾਸ ਹੁਣ ਦੂਜੇ ਹਿੱਸਿਆਂ ਨੂੰ ਵੀ ਪ੍ਰਭਾਵਤ ਕਰਦਾ ਹੈ। ਦੁਨੀਆ ਦੇ ਨਾਗਰਿਕ ਹੁਣ ਉਸ ਨਾਲ ਸਰੋਕਾਰ ਰੱਖਦੇ ਹਨ ਜੋ ਕਿ ਦੁਨੀਆ ਦੇ ਕਿਸੇ ਵੀ ਭਾਗ ਵਿੱਚ ਰਹਿ ਰਹੇ ਲੋਕਾਂ ਨਾਲ ਕੀ ਵਾਪਰ ਰਿਹਾ ਹੈ। ਇਸ ਤੋਂ ਇਲਾਵਾ ਕਈ ਮਨੁੱਖੀ ਕਦਰਾਂ-ਕੀਮਤਾਂ ਜਿਵੇਂ ਕਿ ਸਮਦ੍ਰਿਸ਼ਟੀ, ਉਦਾਰਤਾ, ਨਿਆਂ, ਲਿੰਗ ਅਤੇ ਨਸਲੀ ਸਮਦ੍ਰਿਸ਼ਟੀ ਹੁਣ ਕਿਸੇ ਇੱਕ ਸਮਾਜ ਤੱਕ ਸੀਮਤ ਨਹੀਂ ਹੈ। ਬਹੁਤੇ ਸਮਾਜਾਂ ਨੂੰ ਇਨ੍ਹਾਂ ਮੁੱਦਿਆਂ ਦੇ ਮੁਖ਼ਾਤਬ ਹੋਣਾ ਪੈਂਦਾ ਹੈ। ਭਿੰਨ ਦੇਸ਼ਾਂ ਵਿੱਚ ਸਮਾਜ ਵਿਗਿਆਨ ਪਾਠਕ੍ਰਮ ਇਨ੍ਹਾਂ ਸਾਰੇ ਮੁੱਦਿਆਂ ਨੂੰ ਪ੍ਰਤਿਬਿੰਬਤ ਕਰਦੇ ਹਨ।

ਆਓ ਅਸੀਂ ਪ੍ਰੀਖਣ ਕਰੀਏ ਕਿ ਦੁਨੀਆ ਦੇ ਹੋਰਨਾਂ ਭਾਗਾਂ ਵਿੱਚ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਕੀ ਵਾਪਰ ਰਿਹਾ ਹੈ? ਆਓ ਅਸੀਂ ਸਮਾਜ ਵਿਗਿਆਨ ਉੱਪਰ ਅੰਤਰਰਾਸ਼ਟਰੀ ਮੁੱਦਿਆਂ ਦੇ ਪ੍ਰਭਾਵ ਨੂੰ ਸਮਝਣ ਲਈ ਦੱਖਣੀ ਅਫਰੀਕਾ ਦੀ ਮਿਸਾਲ ਲਈਏ। ਦੱਖਣੀ ਅਫਰੀਕਾ ਦਾ ਦੁਹਰਾਇਆ ਰਾਸ਼ਟਰੀ ਪਾਠਕ੍ਰਮ ਅੱਠ ਪ੍ਰਮੁੱਖ ਖੇਤਰਾਂ ਵਿੱਚ ਇੱਕ ਦੇ ਤੌਰ 'ਤੇ ਸਮਾਜ ਵਿਗਿਆਨ ਨੂੰ ਸ਼ਾਮਲ ਕਰਦਾ ਹੈ। ਸਮਾਜ ਵਿਗਿਆਨ ਸਿਖਲਾਈ ਖੇਤਰ ਲੋਕਾਂ ਦਰਮਿਆਨ, ਲੋਕਾਂ ਅਤੇ ਵਾਤਾਵਰਣ ਦਰਮਿਆਨ ਸੰਬੰਧਾਂ ਨੂੰ ਪੜਦਾ ਹੈ ਜਿਵੇਂ ਉਹ ਸਮਾਜਕ, ਆਰਥਕ ਅਤੇ ਵਾਤਾਵਰਣਕ ਸੰਦਰਭ ਅਤੇ ਲੋਕਾਂ ਦੇ ਰਵੱਈਏ, ਕਦਰਾਂ-ਕੀਮਤਾਂ ਅਤੇ ਆਸਥਾ ਦੁਆਰਾ ਪ੍ਰਭਾਵਤ ਹੁੰਦੇ ਹਨ। ਸੰਕਲਪ, ਇਤਿਹਾਸ ਅਤੇ ਭੂਗੋਲ ਦੀਆਂ ਪ੍ਰਕਿਰਿਆਵਾਂ ਤੇ ਹੁਨਰ; ਵਾਤਾਵਰਣ ਸਿੱਖਿਆ ਅਤੇ ਮਨੁੱਖੀ ਅਧਿਕਾਰ ਸਿੱਖਿਆ ਇਸ ਖੇਤਰ ਦੇ ਅਨਿਖੱੜਵੇਂ ਭਾਗ ਹਨ। ਸਮਾਜ ਵਿਗਿਆਨ ਸਿਖਲਾਈ ਖੇਤਰ ਦੋਵੇਂ, ਕਿ ਪਾੜ੍ਹੇ ਕੀ ਸਿੱਖਦੇ ਹਨ ਅਤੇ ਉਹ ਕਿਵੇਂ ਸਿੱਖਦੇ ਹਨ ਅਤੇ ਗਿਆਨ ਦੀ ਰਚਨਾ ਕਰਦੇ ਹਨ, ਨਾਲ ਸੰਬੰਧਤ ਹੈ। ਪਾੜ੍ਹਿਆਂ ਨੂੰ ਸਮਾਜ ਅਤੇ ਵਾਤਾਵਰਣ ਬਾਰੇ ਪ੍ਰਸ਼ਨ ਪੁੱਛਣ ਅਤੇ ਉੱਤਰ ਲੱਭਣ ਲਈ ਹੱਲਾਸ਼ੇਰੀ ਦਿੱਤੀ ਜਾਂਦੀ ਹੈ, ਜਿਸ ਵਿੱਚ ਉਹ ਵੱਸਦੇ ਹਨ। ਸਿਖਲਾਈ ਖੇਤਰ ਤੋਂ ਗਿਆਤਾ, ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਨਾਗਰਿਕਾਂ ਦੇ ਵਿਕਾਸ ਵਿੱਚ ਯੋਗਦਾਨ ਦੀ ਆਸ ਕੀਤੀ ਜਾਂਦੀ ਹੈ, ਜਿਹੜੇ ਕਿ ਰਚਨਾਤਮਕ ਤੌਰ 'ਤੇ ਸੱਭਿਆਚਾਰਕ ਤੌਰ 'ਤੇ ਵਿਭਿੰਨ ਅਤੇ ਪਰਿਵਰਤਨਸ਼ੀਲ ਸਮਾਜ ਵਿੱਚ ਭਾਗ ਲੈਣ ਦੇ ਯੋਗ ਹੋਣਗੇ। ਪਾੜ੍ਹਿਆਂ ਨੂੰ ਇੱਕ ਨਿਆਸੰਗਤ ਤੇ ਜਮਹੂਰੀ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਲਈ ਲੈਸ ਕਰਨ ਦੀ ਆਸ ਵੀ ਕੀਤੀ ਜਾਂਦੀ ਹੈ। ਪਾਠਕ੍ਰਮ ਇਸ ਗੱਲ ਦੀ ਜਾਗਰੂਕਤਾ ਵਿਕਸਤ ਕਰਨ 'ਤੇ ਵੀ ਕੇਂਦਰਤ ਹੁੰਦਾ ਹੈ ਕਿ ਕਿਵੇਂ ਦੇਸ਼ ਦਾ ਭਵਿੱਖ ਟਕਰਾਅ ਭਰਪੂਰ ਅਤੇ ਚੁਣੌਤੀ-ਭਰਪੂਰ ਆਰਥਕ ਅਤੇ ਸਮਾਜਕ ਨਾਬਰਾਬਰੀ (ਸਮੇਤ ਨਸਲਵਾਦ ਅਤੇ ਲਿੰਗਵਾਦ) ਦੁਆਰਾ ਪ੍ਰਭਾਵਤ ਹੋ ਸਕਦਾ ਹੈ, ਤਾਂ ਜੋ ਇੱਕ ਗੈਰ-ਨਸਲੀ ਵਰਤਮਾਨ ਅਤੇ ਭਵਿੱਖ ਦੀ ਰਚਨਾ ਕੀਤੀ ਜਾ ਸਕੇ।



ਨੋਟ

ਸਮਾਜ ਵਿਗਿਆਨ ਵਿਚਲੇ ਪਾਠਕ੍ਰਮ ਦੇ ਅੰਸ਼ ਇਤਿਹਾਸ ਵਿੱਚ ਭੂਤਕਾਲ ਅਤੇ ਵਰਤਮਾਨ ਨੂੰ ਗਾਖਣ ਦੇ ਜਾਂਚ ਹੁਨਰਾਂ, ਭੂਗੋਲ ਵਿੱਚ ਪ੍ਰਮੁੱਖ ਕਿਰਿਆਵਾਂ, ਲੋਕਾਂ ਵਿਚਾਲੇ ਅੰਤਰ ਸੰਬੰਧਨ, ਵਾਤਾਵਰਣ ਅਤੇ ਸਰੋਤ, ਇਤਿਹਾਸਕ ਵਿਆਖਿਆ ਕਰਨ ਦਾ ਹੁਨਰ, ਸਕਾਨਕ, ਰਾਸ਼ਟਰੀ ਅਤੇ ਵਿਆਪਕ ਪੈਮਾਨੇ 'ਤੇ ਵਿਕਾਸ ਮੁੱਦਿਆਂ ਦੀ ਆਲੋਚਨਾਤਮਕ ਵਿਸ਼ਲੇਸ਼ਣ : ਸੰਵਿਧਾਨ ਉੱਪਰ ਆਧਾਰਤ ਕਦਰਾਂ-ਕੀਮਤਾਂ, ਮਨੁੱਖੀ ਅਧਿਕਾਰ ਅਤੇ ਵਾਤਾਵਰਣਕ ਮੁੱਦੇ, ਸ਼ਾਮਲ ਕਰਦੇ ਹਨ।

ਪਾਠਕ੍ਰਮ ਪਾੜ੍ਹਿਆਂ ਤੋਂ ਵਿਭਿੰਨ ਮੁੱਦਿਆਂ ਨੂੰ ਗਾਖਣ ਦੀ ਕਾਮਨਾ ਕਰਦਾ ਹੈ ਜਿਵੇਂ ਕਿ - ਨਸਲ, ਲਿੰਗ, ਜਮਾਤ, ਵਿਦੇਸ਼ ਦਵੈਖ, ਨਸਲਕੁਸ਼ੀ ਅਤੇ ਇਨ੍ਹਾਂ ਦਾ ਭੂਤਕਾਲ ਅਤੇ ਵਰਤਮਾਨ ਵਿੱਚ ਪ੍ਰਭਾਵ। ਪਾਠਕ੍ਰਮ ਭੂਤਕਾਲ ਅਤੇ ਵਰਤਮਾਨ ਵਿੱਚ ਸ਼ਕਤੀ ਸੰਬੰਧਨਾਂ ਨੂੰ ਪ੍ਰੀਖਣ ਕਰਨਾ ਅਹਿਮ ਪਾਉਂਦਾ ਹੈ, ਸਮੇਤ ਸਰੋਤਾਂ ਦੀ ਪ੍ਰਾਪਤੀ ਅਤੇ ਵੰਡ, ਰਾਜਨੀਤਕ ਸ਼ਕਤੀ, ਲਿੰਗ ਸੰਬੰਧਨ ਅਤੇ ਉਹ ਪ੍ਰਭਾਵ ਜਿਹੜਾ ਉਨ੍ਹਾਂ ਦਾ ਲੋਕਾਂ ਉੱਪਰ ਪਿਆ ਅਤੇ ਲੋਕਾਂ ਦੇ ਜੀਵਨ ਉੱਪਰ ਪੈ ਰਿਹਾ ਹੈ। ਇਹ ਵਿਦਿਆਰਥੀਆਂ ਨੂੰ ਸਮਾਜਕ, ਨੈਤਿਕ, ਆਰਥਕ ਅਤੇ ਸਦਾਚਾਰਕ, ਮੁੱਦਿਆਂ ਪ੍ਰਤਿ ਜਾਗਰੁਕ ਹੋਣਾ ਲੋੜਦਾ ਹੈ ਜਿਨ੍ਹਾਂ ਦਾ ਸਾਹਮਣਾ ਦੱਖਣੀ ਅਫਰੀਕੀ ਅਤੇ ਦੁਨੀਆ ਦੇ ਲੋਕ ਕਰ ਰਹੇ ਹਨ।

## 2.2.8 ਰਾਸ਼ਟਰੀ ਪੱਧਰ 'ਤੇ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਵਰਤਮਾਨ ਚਿੰਤਨ ਅਤੇ ਅਮਲ

ਰਾਸ਼ਟਰੀ ਪਾਠਕ੍ਰਮ ਚੌਖਟਾ (ਰੂਪਰੇਖਾ) 2005 ਸਮਾਜ ਵਿਗਿਆਨ ਲਈ ਖਾਕਾ ਪੇਸ਼ ਕਰਦਾ ਹੈ। ਸਮਾਜ ਵਿਗਿਆਨ ਸਮਾਜ ਦੇ ਵੰਨ-ਸੁਵੰਨੇ ਸਰੋਕਾਰਾਂ ਨੂੰ ਸੰਮਿਲਤ ਕਰਦਾ ਹੈ ਅਤੇ ਵਿਸ਼ਾ ਸਾਮੱਗਰੀ ਦੇ ਇੱਕ ਵਿਆਪਕ ਦਾਇਰੇ ਨੂੰ ਸੰਮਿਲਤ ਕਰਦਾ ਹੈ ਜਿਹੜੀ ਕਿ ਇਤਿਹਾਸ, ਭੂਗੋਲ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਸਮਾਜ ਵਿਗਿਆਨ ਅਤੇ ਜੀਵ ਵਿਗਿਆਨ ਤੋਂ ਗ੍ਰਹਿਣ ਕਰਦਾ ਹੈ। ਪਾਠਕ੍ਰਮ ਪਰਿਚਿਤ ਸਮਾਜਕ ਹਕੀਕਤਾਂ ਨੂੰ ਸੰਵੇਦਨਸ਼ੀਲਤਾ ਨਾਲ ਗਾਖਣ ਅਤੇ ਪ੍ਰਸ਼ਨੋਤਰੀ ਦੁਆਰਾ ਵਿਦਿਆਰਥੀਆਂ ਨੂੰ ਸਮਾਜਕ, ਸੱਭਿਆਚਾਰਕ ਅਤੇ ਵਿਸ਼ਲੇਸ਼ਣਾਤਮਕ ਹੁਨਰ ਉਪਲੱਬਧ ਕਰਵਾਉਣਾ ਚਾਹੁੰਦਾ ਹੈ ਜਿਹੜੇ ਕਿ ਵੱਡੀ ਮਾਤਰਾ ਵਿੱਚ ਅੰਤਰਨਿਰਭਰ ਦੁਨੀਆ ਨਾਲ ਸਮਾਯੋਜਨ ਕਰਨ ਅਤੇ ਰਾਜਨੀਤਕ ਅਤੇ ਆਰਥਕ ਹਕੀਕਤਾਂ ਨਾਲ ਵਰਤਾਰਾ ਕਰਨ ਲਈ ਲੋੜੀਂਦੇ ਹਨ। ਰਾਸ਼ਟਰੀ ਪਾਠਕ੍ਰਮ ਚੌਖਟਾ (ਰੂਪਰੇਖਾ) 2005 ਅਨੁਸਾਰ ਸਮਾਜ ਵਿਗਿਆਨ ਮਨੁੱਖੀ ਕਦਰਾਂ ਕੀਮਤਾਂ, ਜਿਵੇਂ ਕਿ ਸੁਤੰਤਰਤਾ, ਭਰੋਸਾ, ਪਰਸਪਰ ਸਨਮਾਨ ਦੀ ਸਮਝ ਨੂੰ ਤਿਆਰ ਕਰਨ ਅਤੇ ਵਿਦਿਆਰਥੀਆਂ ਵਿੱਚ ਇੱਕ ਸੰਵੇਦਨਸ਼ੀਲ ਨੈਤਿਕ ਅਤੇ ਮਾਨਿਸਕ ਊਰਜਾ ਉਤਪੰਨ ਕਰਨ 'ਤੇ ਅਤੇ ਉਨ੍ਹਾਂ ਨੂੰ ਸਮਾਜਕ ਸ਼ਕਤੀਆਂ ਵਿਰੁੱਧ ਚੌਕਸ ਕਰਨ ਦੀ ਜ਼ਿੰਮੇਵਾਰੀ ਲੈਂਦਾ ਹੈ ਜਿਹੜੀਆਂ ਇਨ੍ਹਾਂ ਕਦਰਾਂ-ਕੀਮਤਾਂ ਲਈ ਖਤਰਾ ਹੁੰਦੀਆਂ ਹਨ।

ਹੁਣ ਤੱਕ ਸਮਾਜ ਵਿਗਿਆਨ ਪਾਠਕ੍ਰਮ ਨੇ ਵਿਕਾਸਾਤਮਕ ਮੁੱਦਿਆਂ ਉੱਪਰ ਜ਼ੋਰ ਦਿੱਤਾ ਹੈ। ਇਹ ਅਹਿਮ ਹਨ ਪ੍ਰੰਤੂ ਨੇਮਧਾਰਕ ਵਿਮਾਵਾਂ ਜਿਵੇਂ ਸਮਾਨਤਾ, ਨਿਆਂ ਅਤੇ ਸਮਾਜ ਵਿੱਚ ਗੌਰਵ ਅਤੇ ਰਾਜਤੰਤਰ ਦੀ ਸਮਝ ਲਈ ਕਾਫੀ ਨਹੀਂ ਹੈ। ਇੱਕ ਵਿਅਕਤੀ ਦੀ ਇਸ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਭੂਮਿਕਾ ਨੂੰ ਅਕਸਰ ਜ਼ੋਰ ਦੇ ਕੇ ਕਿਹਾ ਗਿਆ ਹੈ, ਰਾਸ਼ਟਰੀ ਪਾਠਕ੍ਰਮ ਚੌਖਟਾ (2005) ਇਹ ਆਖਦਾ ਹੈ।

ਨੋਟ

ਇਹ ਸੁਝਾਇਆ ਗਿਆ ਹੈ ਕਿ ਨਾਗਰਿਕ ਸ਼ਾਸਤਰ ਦੀ ਬਜਾਇ ਸ਼ਬਦ ਰਾਜਨੀਤੀ ਸ਼ਾਸਤਰ ਦੀ ਵਰਤੋਂ ਕੀਤੀ ਜਾਵੇ। ਨਾਗਰਿਕ ਸ਼ਾਸਤਰ ਬਸਤੀਵਾਦ ਦੌਰਾਨ ਅੰਗ੍ਰੇਜ਼ੀ ਰਾਜ ਵਿਰੁੱਧ ਭਾਰਤੀਆਂ ਵਿੱਚ ਵੱਧ ਰਹੀ ਬੇਵਫਾਈ ਦੇ ਪਿਛੋਕੜ ਵਿੱਚ ਭਾਰਤੀ ਸਕੂਲੀ ਪਾਠਕ੍ਰਮ ਵਿੱਚ ਪ੍ਰਗਟ ਹੋਇਆ। ਆਗਿਆਪਾਲਣ ਅਤੇ ਵਫ਼ਾਦਾਰੀ ਨਾਗਰਿਕ ਸ਼ਾਸਤਰ ਦੀਆਂ ਮੁੱਖ ਵਿਸ਼ੇਸ਼ਤਾਈਆਂ ਸਨ। ਰਾਜਨੀਤੀ ਸ਼ਾਸਤਰ ਨਾਗਰਿਕ ਸਮਾਜ ਨੂੰ ਦਾਇਰੇ ਵਾਂਗ ਵੇਖਦਾ ਹੈ ਜਿਹੜਾ ਕਿ ਸੰਵੇਦਨਸ਼ੀਲਤਾ, ਪ੍ਰਸ਼ਨਵਾਚਕ, ਵਿਚਾਰ-ਵਟਾਂਦਰੇ ਸੰਬੰਧੀ ਅਤੇ ਪਰਿਵਰਤਨਸ਼ੀਲ ਨਾਗਰਿਕ ਉਤਪੰਨ ਕਰਦਾ ਹੈ (ਰਾਸ਼ਟਰੀ ਪਾਠਕ੍ਰਮ ਚੌਖਟਾ (2005))।

ਸਮਾਜ ਵਿਗਿਆਨ ਪਾਠਕ੍ਰਮ ਵਿੱਚ ਸਥਾਨਕ ਸੰਕਲਪਾਂ ਨਾਲ ਰਾਸ਼ਟਰੀ ਪਰਿਪੇਖ ਨੂੰ ਸੰਤੁਲਨ ਕਰਨ ਲਈ ਅਤੇ ਦੁਨੀਆ ਦੇ ਹੋਰਨਾਂ ਭਾਗਾਂ ਵਿੱਚ ਵਿਕਾਸਾਂ ਦੇ ਸੰਦਰਭ ਵਿੱਚ ਰਾਸ਼ਟਰੀ ਇਤਿਹਾਸ ਅਧਿਆਪਨ ਲਈ ਨਮਦਾ ਲੋੜ ਹੈ। ਇਹ ਸਥਾਨਕ, ਰਾਸ਼ਟਰੀ ਅਤੇ ਵਿਸ਼ਵੀ ਸਥਿਤੀਆਂ ਅਤੇ ਸੰਕਲਪਾਂ ਦਾ ਸੰਪੂਰਣ ਨਜ਼ਰੀਆ ਉਤਪੰਨ ਕਰੇਗਾ। ਹੁਣ ਪਾਠਕ੍ਰਮ ਨੂੰ ਸਮਕਾਲੀ ਮੁੱਦਿਆਂ ਅਤੇ ਭਾਰਤੀ ਸਮਾਜ ਤੇ ਲੋਕਾਂ ਦੀਆਂ ਸਮੱਸਿਆਵਾਂ ਜਿਵੇਂ ਕਿ ਮਨੁੱਖੀ ਅਧਿਕਾਰ, ਸਮਾਵੇਸ਼ਣ, ਵਾਤਾਵਰਣਕ ਪ੍ਰਦੂਸ਼ਣ, ਜਨਸੰਖਿਆ ਮੁੱਦੇ, ਰਾਸ਼ਟਰੀ ਅਖੰਡਤਾ, ਗਰੀਬੀ, ਅਨਪੜ੍ਹਤਾ, ਬਾਲ ਅਤੇ ਬੰਧੂਆ ਮਜ਼ਦੂਰ, ਅਨੇਕਤਾ ਅਤੇ ਪਰਿਵਰਤਣ, ਲਿੰਗ, ਜਮਾਤ ਅਤੇ ਜਾਤੀ ਉਚਿਤਤਾ ਆਦਿ ਨਾਲ ਵਰਤਾਰਾ ਕਰਨਾ ਪੈਂਦਾ ਹੈ। ਇਹ ਬੱਚਿਆਂ ਦੀ ਸਿਹਤ ਨਾਲ ਸੰਬੰਧਤ ਸਰੋਕਾਰਾਂ, ਪਰਿਵਰਤਣ ਦੇ ਸਮਾਜਕ ਪਹਿਲੂਆਂ ਅਤੇ ਵਿਕਾਸ ਜਿਹੜਾ ਕਿ ਉਨ੍ਹਾਂ ਵਿੱਚ ਕਿਸ਼ੋਰ ਅਵਸਥਾ ਵਿੱਚ ਹੁੰਦਾ ਹੈ, ਜਿਵੇਂ ਕਿ ਮਾਪਿਆਂ, ਹਮਉਮਰ, ਵਿਪਰੀਤ ਲਿੰਗ ਅਤੇ ਆਮਤੌਰ 'ਤੇ ਬਾਲਗ ਦੁਨੀਆ ਨਾਲ ਬਦਲਦੇ ਰਿਸ਼ਤੇ, ਪ੍ਰਤਿ ਮੁਖਾਤਬ ਹੋਣਾ ਲੋੜਦਾ ਹੈ। ਪਾਠਕ੍ਰਮ ਨੂੰ ਵਿਸ਼ਵ ਵਿਆਪੀ ਮੁਕਾਬਲੇ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਮਾਪਦੰਡ ਦੀ ਰਚਨਾ ਕਰਨ ਦੀ ਲੋੜ ਹੈ। ਉੱਪਰੀ ਪ੍ਰਾਇਮਰੀ ਪੜਾਅ ਉੱਪਰ ਇਤਿਹਾਸ ਦੁਨੀਆ ਦੇ ਹੋਰਨਾਂ ਹਿੱਸਿਆਂ ਵਿੱਚ ਵਿਕਾਸ ਜਾਂ ਘਟਨਾਵਾਂ ਦੇ ਖੰਡਾਂ ਸਮੇਤ ਭਾਰਤ ਦੇ ਭਿੰਨ ਭਾਗਾਂ ਵਿਚਲੇ ਵਿਕਾਸ ਨੂੰ ਲੇਖੇ ਲਾਵੇਗਾ। ਭੂਗੋਲ ਵਾਤਾਵਰਣ ਨਾਲ ਸੰਬੰਧਤ ਮੁੱਦਿਆਂ ਨਾਲ ਸੰਬੰਧਤ ਸੰਤੁਲਤ ਪਰਿਪੇਖ ਨੂੰ ਵਿਕਸਤ ਕਰਨ ਵਿੱਚ ਮਦਦ ਕਰ ਸਕਦਾ ਹੈ, ਇਸ ਦੇ ਨਾਲ ਹੀ ਵਸੀਲਿਆਂ ਅਤੇ ਭਿੰਨ ਪੱਧਰਾਂ 'ਤੇ ਵਿਕਾਸ ਨੂੰ ਵੀ। ਰਾਜਨੀਤੀ ਸ਼ਾਸਤਰ ਵਿੱਚ ਵਿਦਿਆਰਥੀਆਂ ਨੂੰ ਸਥਾਨਕ, ਰਾਜ ਅਤੇ ਕੇਂਦਰੀ ਪੱਧਰਾਂ 'ਤੇ ਸਰਕਾਰ ਦੀ ਰਚਨਾ ਤੇ ਕਿਰਿਆਸ਼ੀਲਤਾ ਅਤੇ ਭਾਗੀਦਾਰੀ ਦੀ ਜਮਹੂਰੀ ਪ੍ਰਕਿਰਿਆ ਬਾਰੇ ਪਰਿਚਿਤ ਕੀਤਾ ਜਾਵੇਗਾ। ਅਰਥ ਸ਼ਾਸਤਰ ਦਾ ਵਿਸ਼ਾ ਵਿਦਿਆਰਥੀਆਂ ਨੂੰ ਆਰਥਕ ਸੰਸਥਾਵਾਂ ਜਿਵੇਂ ਕਿ ਪਰਿਵਾਰ, ਮਾਰਕੀਟ ਅਤੇ ਰਾਜ ਵਾਚਣ ਦੇ ਯੋਗ ਬਣਾਵੇਗਾ। ਇੱਕ ਖੰਡ ਹੋਰ ਹੋਵੇਗਾ ਜਿਹੜਾ ਇਨ੍ਹਾਂ ਪ੍ਰਕਰਣਾਂ ਵੱਲ ਬਹੁਅਨੁਸ਼ਾਸਨੀ ਪਹੁੰਚ ਸੰਚੇਤ ਕਰੇਗਾ (ਰਾਸ਼ਟਰੀ ਪਾਠਕ੍ਰਮ ਚੌਖਟਾ (ਰੂਪਰੇਖਾ) 2005)।

ਵਰਤਮਾਨ ਪਾਠਕ੍ਰਮ ਪਾਠ ਪੁਸਤਕਾਂ ਦੀ ਮਾਤਰ ਦਿਸ਼ਾਤਮਕ ਹੋਣ ਦੀ ਧਾਰਣਾ ਨੂੰ ਬਦਲ ਕੇ ਵਧੇਰੇ ਸੁਝਾਊ ਹੋਣ ਦਾ ਜਤਨ ਕਰਦਾ ਹੈ। ਪਾੜ੍ਹਿਆਂ ਦੇ ਇੱਕ ਅੰਤਰਕਿਰਿਆਸ਼ੀਲ ਵਾਤਾਵਰਣ ਵਿੱਚ ਗਿਆਨ ਅਤੇ ਹੁਨਰ ਹਾਸਲ ਕਰਨ 'ਚ ਮਦਦ ਲਈ ਅਧਿਆਪਨ-ਸਿਖਲਾਈ ਪਹੁੰਚਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਸਮਾਜ ਵਿਗਿਆਨ ਨੂੰ ਉਨ੍ਹਾਂ ਵਿਧੀਆਂ ਨੂੰ ਅਪਨਾਉਣਾ ਚਾਹੀਦਾ ਹੈ ਜਿਹੜੀਆਂ ਰਚਨਾਤਮਕਤਾ, ਸੋਹਜਵਾਦੀ ਅਤੇ ਸੰਵੇਦਨਸ਼ੀਲ ਪਰਿਪੇਖਾਂ ਨੂੰ ਪ੍ਰੋਤਸਾਹਨ ਦਿੰਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਭੂਤਕਾਲ ਅਤੇ ਵਰਤਮਾਨ 'ਚ ਸੰਬੰਧ ਆਕਰਸ਼ਤ ਕਰਨ, ਸਮਾਜ ਵਿੱਚ ਹੋ ਰਹੇ



ਨੋਟ

ਪਰਿਵਰਤਨਾਂ ਨੂੰ ਸਮਝਣ ਦੇ ਯੋਗ ਬਣਾਉਂਦਾ ਹੈ। ਸਮੱਸਿਆ ਸਮਾਧਾਨ, ਨਾਟਕੀਕਰਣ ਅਤੇ ਭੂਮਿਕਾ ਨਿਭਾਉਣਾ ਆਦਿ ਕੁਝ ਹੁਣ ਤੱਕ ਗਾਹੁਣ ਅਧੀਨ ਰਣਨੀਤੀਆਂ ਹਨ ਜਿਨ੍ਹਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਅਧਿਆਪਨ ਵਿੱਚ ਸ਼੍ਰਵਣਾਤਮਕ ਅਤੇ ਦ੍ਰਿਸ਼ਾਤਮਕ ਵਸੀਲਿਆਂ ਦੀ ਵਧੇਰੇ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਜਿਸ ਵਿੱਚ ਤਸਵੀਰਾਂ, ਚਾਰਟ ਅਤੇ ਨਕਸ਼ੇ ਅਤੇ ਪੁਰਾਤਤਵੀ ਅਤੇ ਪਦਾਰਥਕ ਸੱਭਿਆਚਾਰ ਆਦਿ ਸ਼ਾਮਲ ਹਨ। ਸਿਖਲਾਈ ਪ੍ਰਕਿਰਿਆ ਨੂੰ ਵਧੇਰੇ ਸ਼ਮੂਲੀਅਤ ਵਾਲੀ ਬਣਾਉਣ ਲਈ ਸੂਚਨਾ ਦੇ ਮਾਤਰ ਪਹੁੰਚਾਉਣ ਦੇ ਚਰਚਾ-ਬਹਿਸ ਵੱਲ ਲਿਜਾਣ ਦੀ ਲੋੜ ਹੈ। ਸਿਖਲਾਈ ਵੱਲ ਇਸ ਪਹੁੰਚ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਇਹ ਦੋਵੇਂ ਅਧਿਆਪਕ ਅਤੇ ਪਾੜ੍ਹੇ ਨੂੰ ਸਮਾਜਕ ਹਕੀਕਤਾਂ ਵੱਲ ਸਚੇਤ ਰੱਖੇਗੀ।

ਅਧਿਆਪਨ ਲੋੜਾਂ ਵੱਲ ਪਹੁੰਚ ਨੂੰ ਖੋਲ੍ਹਣਾ ਹੈ। ਅਧਿਆਪਕਾਂ ਨੂੰ ਜਮਾਤ ਵਿੱਚ ਸਮਾਜਕ ਹਕੀਕਤਾਂ ਦੀਆਂ ਭਿੰਨ ਵਿਮਾਵਾਂ ਦੀ ਚਰਚਾ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਵਿੱਚ ਅਤੇ ਪਾੜ੍ਹਿਆਂ ਵਿੱਚ ਸਵੈ-ਸਚੇਤਤਾ ਵਧਾਉਣ ਦੀ ਰਚਨਾ ਲਈ ਕੰਮ ਕਰਨਾ ਚਾਹੀਦਾ ਹੈ।

## ਗਤੀਵਿਧੀ – 5

1. ਭਾਰਤ ਅਤੇ ਦੱਖਣੀ ਅਫਰੀਕਾ ਦੇ ਸਮਾਜ ਵਿਗਿਆਨ ਪਾਠਕ੍ਰਮ ਵਿਚਕਾਰ ਤੁਲਨਾ ਕਰੋ ਅਤੇ ਦੋਹਾਂ ਦੇਸ਼ਾਂ ਵਿੱਚ ਸਮਾਨ ਤੱਤ ਅਤੇ ਮੁੱਦਿਆਂ ਨੂੰ ਲੱਭੋ?

2. ਉਨ੍ਹਾਂ ਸਾਰੇ ਮੁੱਦਿਆਂ ਅਤੇ ਸਰੋਕਾਰਾਂ ਦੀ ਸੂਚੀ ਤਿਆਰ ਕਰੋ ਜਿਨ੍ਹਾਂ ਬਾਰੇ ਤੁਸੀਂ ਸੋਚਦੇ ਹੋ ਕਿ ਭਾਰਤ ਵਿੱਚ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

3. ਭਾਰਤ ਵਿਚਲੇ ਸਮਾਜ ਵਿਗਿਆਨ ਪਾਠਕ੍ਰਮ ਲਈ ਨਵੀਆਂ ਅਧਿਆਪਨ ਸਿਖਲਾਈ ਪਹੁੰਚਾਂ ਕੀ ਹਨ?

## ਆਪਣੀ ਪ੍ਰਗਤੀ ਦੀ ਪਰਖ ਕਰੋ – 4

1. ਕੁਝ ਮੁੱਦਿਆਂ ਦੀ ਸੂਚੀ ਤਿਆਰ ਕਰੋ ਜਿਹੜੀਆਂ ਬਹੁਤੇ ਦੇਸ਼ਾਂ ਵਿੱਚ ਸਾਂਝੀਆਂ ਹਨ।

2. ਦੱਖਣੀ ਅਫਰੀਕੀ ਪਾਠਕ੍ਰਮ ਦਾ ਸਮਾਜ ਵਿਗਿਆਨ ਸਿਖਲਾਈ ਖੇਤਰ ਕੀ ਅਧਿਐਨ ਕਰਦਾ ਹੈ?

ਨੋਟ

3. ਰਾਸ਼ਟਰੀ ਪਾਠਕ੍ਰਮ ਚੌਖਟਾ (ਰੂਪਰੇਖਾ) 2005 ਵੱਲੋਂ ਨਾਗਰਿਕ ਸ਼ਾਸਤਰ ਵਾਸਤੇ ਕਿਹੜਾ ਨਾਂਅ ਸੁਝਾਇਆ ਗਿਆ?

4. ਰਾਸ਼ਟਰੀ ਪਾਠਕ੍ਰਮ ਚੌਖਟਾ (ਰੂਪਰੇਖਾ) 2005 ਮੁਤਾਬਕ ਵਰਤਮਾਨ ਪਾਠਕ੍ਰਮ ਪਾਠ ਪੁਸਤਕਾਂ ਦੀ ਧਾਰਣਾ ਨੂੰ ਬਦਲਣ ਲਈ ਕੋਸ਼ਿਸ਼ ਕਰਦਾ ਹੈ। ਕਿਹੜੇ ਪਰਿਵਰਤਨ ਦਾ ਸੁਝਾਅ ਦਿੱਤਾ ਗਿਆ ਹੈ?

## 2.3 ਸਾਰਾਂਸ਼

ਸਾਲਾਂ ਤੋਂ ਸਮਾਜ ਵਿਗਿਆਨ ਪਾਠਕ੍ਰਮ ਦੇ ਮਜ਼ਮੂਨ, ਵਾਧੇ ਅਤੇ ਸੰਚਾਰਣ ਵਿੱਚ ਕਈ ਵਿਕਾਸਾਂ ਅਤੇ ਪ੍ਰਭਾਵਾਂ ਨੇ ਯੋਗਦਾਨ ਪਾਇਆ ਹੈ। ਸਮਾਜ ਵਿਗਿਆਨ ਨੂੰ ਇੱਕ ਵਿਸ਼ੇ ਦੇ ਤੌਰ ’ਤੇ ਬਸਤੀਵਾਦ ਕਾਲ ਦੌਰਾਨ ਪੇਸ਼ ਕੀਤਾ ਗਿਆ ਸੀ ਅਤੇ ਇਸ ਅਰਸੇ ਦੌਰਾਨ ਕਈ ਵਿਕਾਸਾਂ ਨੇ ਇਸ ਦੇ ਪਾਠਕ੍ਰਮ ਨੂੰ ਪ੍ਰਭਾਵਤ ਕੀਤਾ। ਇਸ ਅਰਸੇ ਦੌਰਾਨ ਹੋਏ ਵਿਕਾਸ, ਜਿਨ੍ਹਾਂ ਸਮਾਜ ਵਿਗਿਆਨ ਪਾਠਕ੍ਰਮ ਉੱਪਰ ਅਮਿੱਟ ਪ੍ਰਭਾਵ ਛੱਡਿਆ, ਉਹ ਹਨ : ਲਿੱਖਿਆ ਜਾਣ ਵਾਲਾ ਭਾਰਤ ਦਾ ਇਤਿਹਾਸ, ਭਾਰਤੀ ਉੱਪਮਹਾਦੀਪ ਦਾ ਸਰਵੇਖਣ, ਭਾਰਤੀ ਆਬਾਦੀ ਦੀ ਮਰਦਮਸ਼ੁਮਾਰੀ ਸਿੱਖਿਆ ਦੀ ਅੰਗ੍ਰੇਜ਼ੀ ਪ੍ਰਣਾਲੀ ਦੀ ਸ਼ੁਰੂਆਤ ਆਦਿ। ਅੰਗ੍ਰੇਜ਼ਾਂ ਨੇ ਭਾਰਤ ਵਿੱਚ ਆਪਣੇ ਸ਼ਾਸਨ ਨੂੰ ਤਹਿਜ਼ੀਬ ਯਾਫਤਾ ਸ਼ਾਸਨ ਦੇ ਤੌਰ ’ਤੇ ਨਿਆਸੰਗਤ ਦੱਸਣ ਲਈ ਭਾਰਤੀ ਇਤਿਹਾਸ, ਸੱਭਿਆਚਾਰ ਅਤੇ ਸਮਾਜ ਵਿੱਚ ਨਕਾਰਾਤਮਕ ਤੱਤਾਂ ਨੂੰ ਵਧਾ ਚੜ੍ਹਾ ਕੇ ਦੱਸਣ ਅਤੇ ਯੂਰਪੀ ਸੱਭਿਆਚਾਰ ਨੂੰ ਸ਼੍ਰੇਸ਼ਠ ਦੱਸਣ ਦੀ ਕੋਸ਼ਿਸ਼ ਕੀਤੀ। ਰਾਸ਼ਟਰਵਾਦੀ ਭਾਵਨਾ ਜਿਹੜੀ ਕਿ ਬਸਤੀਵਾਦੀ ਸ਼ਾਸਨ ਦੌਰਾਨ ਪੂਰੇ ਭਾਰਤੀ ਵਿੱਚ ਫੈਲੀ, ਇਸਨੇ ਅੰਗ੍ਰੇਜ਼ਾਂ ਵੱਲੋਂ ਤਿਆਰ ਵਿਸ਼ਾ ਸਾਮੱਗਰੀ ਦੀ ਥਾਂ ਵਿਕਲਪਕ ਵਿਸ਼ਾ ਸਾਮੱਗਰੀ ਦੀ ਤਜਵੀਜ਼ ਦਿੱਤੀ ਅਤੇ ਸਮਾਜ ਵਿਗਿਆਨ ਦੇ ਪਾਠਕ੍ਰਮ ਨੂੰ ਪ੍ਰਭਾਵਤ ਕਰਨ ਵਿੱਚ ਕਾਮਯਾਬ ਵੀ ਹੋਏ।

ਸੁਤੰਤਰਤਾ ਤੋਂ ਬਾਅਦ ਭਾਰਤ ਦੇ ਸੰਵਿਧਾਨ ਵਿੱਚ ਨਵੀਆਂ ਕਦਰਾਂ-ਕੀਮਤਾਂ ਅਤੇ ਭਾਵਨਾਵਾਂ ਨੇ ਪ੍ਰਤਿਬਿੰਬ ਸਥਾਪਤ ਕੀਤਾ। ਕਦਰਾਂ-ਕੀਮਤਾਂ ਜਿਵੇਂ ਕਿ ਸਮਾਜਵਾਦ, ਧਰਮ ਨਿਰਪੇਖਤਾ ਉਦਾਰਤਾ, ਬਰਾਬਰੀ, ਨਿਆਂ ਅਤੇ ਭਰਾਤਰੀ ਭਾਵ ਨੇ ਨਵੇਂ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਅਭਿਵਿਅਕਤੀ ਸਥਾਪਤ ਕੀਤੀ। ਨਵੇਂ ਸਮਾਜ ਵਿਗਿਆਨ ਪਾਠਕ੍ਰਮ ਨੇ ਵਿਭਿੰਨਤਾ, ਰਾਸ਼ਟਰੀ ਅਖੰਡਤਾ, ਅੰਤਰਰਾਸ਼ਟਰੀ ਸਮਝ, ਵਾਤਾਵਰਣ, ਵਿਕਾਸ ਆਦਿ ਜਿਹੇ ਮੁੱਦਿਆਂ ਉੱਪਰ ਵੀ ਗੌਰ ਕੀਤੀ। ਮਾਤਹਿਤ, ਲਿੰਗ, ਜਾਤੀ ਅਤੇ ਕਬਾਇਲੀ ਪਰਿਪੇਖ ਨੇ ਹਮੇਸ਼ਾ ਭਾਰਤੀ ਸਮਾਜ ਦਾ ਧਿਆਨ ਖਿੱਚਿਆ ਹੈ। ਇਨ੍ਹਾਂ ਮੁੱਦਿਆਂ ਨੇ ਸਮਾਜ ਵਿਗਿਆਨ ਪਾਠਕ੍ਰਮ ਨੂੰ ਪ੍ਰਭਾਵਤ ਵੀ ਕੀਤਾ ਹੈ। ਦੱਖਣੀ ਅਫਰੀਕੀ



ਨੋਟ

ਸਮਾਜ ਵਿਗਿਆਨ ਪਾਠਕ੍ਰਮ ਸਾਨੂੰ, ਸਮਾਜ ਵਿਗਿਆਨ ਪਾਠਕ੍ਰਮ ਦੇ ਖੇਤਰ ਵਿੱਚ ਦੂਜੇ ਦੇਸ਼ਾ ਵਿੱਚ ਕੀ ਵਾਪਰ ਰਿਹਾ ਹੈ, ਬਾਰੇ ਇੱਕ ਸੂਝ ਪ੍ਰਦਾਨ ਕਰਦਾ ਹੈ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਦੋ ਅਨੇਕਤਾਵਾਦ ਰਾਸ਼ਟਰਾਂ ਦੇ ਸਮਾਜਕ ਸਰੋਕਾਰ ਇੱਕੋ ਜਿਹੇ ਹਨ ਅਤੇ ਕਿਵੇਂ ਇਨ੍ਹਾਂ ਦੋਹਾਂ ਸਰੋਕਾਰਾਂ ਨੇ ਦੋਹਾਂ ਦੇਸ਼ਾਂ ਦੇ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਸਥਾਨ ਬਣਾਇਆ ਹੈ। ਭਾਰਤ ਵਿੱਚ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਵਰਤਮਾਨ ਰਾਸ਼ਟਰੀ ਚਿੰਤਨ ਪਾਠਕ੍ਰਮ ਨੂੰ ਅਧਿਆਪਨ ਅਤੇ ਸਿਖਲਾਈ ਦੀਆਂ ਨਵੀਆਂ ਪਹੁੰਚਾਂ ਦੇ ਨਾਲ ਸੰਵੇਦਨਸ਼ੀਲ ਰਾਸ਼ਟਰੀ ਅਤੇ ਸਮਾਜਕ ਮੁੱਦਿਆਂ ਨੂੰ ਮੁਖਾਤਬ ਹੋਣ ਵਾਲਾ ਬਣਾਉਣਾ ਚਾਹੁੰਦੇ ਹਨ, ਇਹ ਵੀ ਵਿਦਿਆਰਥੀਆਂ ਨੂੰ ਆਪਣੇ ਗਿਆਨ ਦੀ ਰਚਨਾ ਕਰਨ ਅਤੇ ਸਾਡੇ ਸਮਾਜ ਨੂੰ ਸਮਝਣ ਵਾਸਤੇ ਤਿਆਰ ਕਰਨ 'ਤੇ ਜ਼ੋਰ ਦੇ ਕੇ।

## 2.4 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

### ਆਪਣੀ ਪ੍ਰਗਤੀ ਦੀ ਪਰਖ ਕਰੋ – 1

1. ਜੇਮਜ਼ ਮਿਲ

2. ਜੇਮਜ਼ ਪ੍ਰਿੰਸੈਪ

3. ਦੇਸ਼ ਨੂੰ ਗਾਖਣਾ ਅਤੇ ਅਹਿਮ ਬਣਾਉਣਾ

4. ਬੜੌਦਾ ਦੇ ਮਹਾਰਾਜ ਸਿਆਜੀਰਾਓ ਗਾਇਕਵਾੜ

### ਆਪਣੀ ਪ੍ਰਗਤੀ ਦੀ ਪਰਖ ਕਰੋ – 2

1. ਲੋਕਤੰਤਰ (ਜਮਹੂਰੀਅਤ), ਧਰਮਨਿਰਪੇਖਤਾ, ਸਮਾਜਵਾਦ, ਉਦਾਰਤਾ, ਬਰਾਬਰੀ, ਨਿਆਂ ਅਤੇ ਭਰਾਤਰੀਭਾਵ

2. ਸੈਕੰਡਰੀ ਸਿੱਖਿਆ ਕਮਿਸ਼ਨ, 1948–49

3. ਸਿੱਖਿਆ ਉੱਪਰ ਰਾਸ਼ਟਰੀ ਨੀਤੀ, 1986

4. ਯੂ ਐੱਨ ਓ, ਯੂਨੈਸਕੋ, ਯੂਨੀਸੈਫ ਆਦਿ

### ਆਪਣੀ ਪ੍ਰਗਤੀ ਦੀ ਪਰਖ ਕਰੋ – 3

1. ਮਾਤਹਿਤ ਹਾਸ਼ੀਆਕ੍ਰਿਤ ਅਤੇ ਦਬੇ ਕੁਚਲੇ ਲੋਕਾਂ ਦਾ ਹਵਾਲਾ ਦਿੰਦਾ ਹੈ।

2. ਸਾਂਥਾਲ ਵਿਦਰੋਹ (1855)/ਚੰਪਾਰਣ ਸੱਤਿਆਗ੍ਰਹਿ (1917–18)/ਬਡੋਲੀ ਸਤਿਆਗ੍ਰਹਿ (1928)।

3. ਕਬਾਇਲੀ ਔਰਤਾਂ।

### ਆਪਣੀ ਪ੍ਰਗਤੀ ਦੀ ਪਰਖ ਕਰੋ – 4



ਨੋਟ

1. ਵਾਤਾਵਰਣ, ਵਪਾਰ ਅਤੇ ਵਣਜ, ਮਨੁੱਖੀ ਅਧਿਕਾਰ, ਬਰਾਬਰੀ ਆਦਿ।

2. ਸਮਾਜ ਵਿਗਿਆਨ ਸਿਖਲਾਈ ਖੇਤਰ ਲੋਕਾਂ ਵਿਚਾਲੇ ਅਤੇ ਲੋਕਾਂ ਤੇ ਵਾਤਾਵਰਣ ਵਿਚਾਲੇ ਸੰਬੰਧਾਂ ਦਾ ਅਧਿਐਨ ਕਰਦਾ ਹੈ, ਜਿਵੇਂ ਕਿ ਸਮਾਜਕ, ਰਾਜਨੀਤਕ, ਆਰਥਕ ਅਤੇ ਵਾਤਾਵਰਣਕ ਸੰਦਰਭ ਅਤੇ ਲੋਕਾਂ ਦੇ ਰਵੱਈਏ, ਕਦਰਾਂ-ਕੀਮਤਾਂ ਅਤੇ ਆਸਥਾ ਦੁਆਰਾ ਪ੍ਰਭਾਵਤ ਕੀਤਾ ਜਾਂਦਾ ਹੈ।

3. ਰਾਜਨੀਤੀ ਸ਼ਾਸਤਰ

4. ਪਾਠ ਪੁਸਤਕਾਂ ਨੂੰ ਮਹਿਜ ਦਿਸ਼ਾਤਮਕ ਤੋਂ ਵਧੇਰੇ ਸੁਝਾਊ ਵੱਲ ਪਰਿਵਰਤ ਕਰਨਾ ਚਾਹੀਦਾ ਹੈ।

## 2.5 ਸੁਝਾਏ ਅਧਿਐਨ ਅਤੇ ਸੰਦਰਭ


- Department of Education, Pretoria, South Africa (2002). Revised National Curriculum Statement Grades R-9 (Schools), Social Sciences.
- His eastern and western Disciples (2000). Life of Swami Vivekanada, 2 vols. (Calcutta ; Advaita Ashrama).
- National Policy on Education, 1986.
- NCERT (2005). National Curriculum Framework 2005. New Delhi : NCERT.
- Seneviratna, Anuradha. (1994). King Asoka and Buddhism. Kandy, Sri Lanka : Buddhist Publication Society.
- Census of India, 2011.
- http://asi.nic.in/asi_aboutus/history.asp
- http://www.nlm.nic.in/literacy01_nlm.html
- http://www.censusindia.gov.in
- Thomas Babington Macaulay, "Minute on Education", in Through Indian Eyes : The Living Tradition, Donald J. Johnson, et al. (New York : CITE Books, 1992).


## 2.6 ਇਕਾਈ ਅੰਤ ਅਭਿਆਸ

## ਨਿਮਨ ਪ੍ਰਸ਼ਨਾਂ ਦੇ ਉੱਤਰ ਦਿਓ।

ਪ੍ਰ.1 ਬਸਤੀਵਾਦ ਦੌਰਾਨ ਹੋਏ ਭਿੰਨ ਵਿਕਾਸਾਂ ਦੀ ਚਰਚਾ ਕਰੋ ਜਿਨ੍ਹਾਂ ਸਮਾਜ ਵਿਗਿਆਨ ਪਾਠਕ੍ਰਮ ਨੂੰ ਪ੍ਰਭਾਵਤ ਕੀਤਾ।

ਪ੍ਰ.2 ਭਿੰਨ ਸੰਵਿਧਾਨਕ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਦੀ ਸੰਖੇਪ ਚਰਚਾ ਕਰੋ ਜਿਨ੍ਹਾਂ ਨੂੰ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਗਿਆ ਸੀ।

ਪ੍ਰ.3 ਤੁਸੀਂ ਮਾਤਹਿਤ ਪਰਿਪੇਖ ਨੂੰ ਅਹਿਮ ਕਿਉਂ ਸਮਝਦੇ ਹੋ?


ਨੋਟ

ਪ੍ਰ.4 ਭਾਰਤ ਵਿੱਚ ਮਹਿਲਾਵਾਂ ਦੀ ਸਥਿਤੀ ਕੀ ਹੈ? ਸਮਾਜ ਵਿਗਿਆਨ ਪਾਠਕ੍ਰਮ ਵਿੱਚ ਕਿਹੜੇ ਲਿੰਗ ਮੁੱਦੇ ਵਿਚਾਰੇ ਜਾਣੇ ਚਾਹੀਦੇ ਹਨ?

ਪ੍ਰ.5 ਕੀ ਤੁਸੀਂ ਸੋਚਦੇ ਹੋ ਕਿ ਇੱਕੋ ਸਮੇਂ ਕਬਾਇਲੀ ਸਮਾਜਾਂ ਨੂੰ ਬਦਲਣਾ 'ਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਸੰਭਾਲਣ ਸੰਭਵ ਹੈ?

ਪ੍ਰ.6 ਰਾਸ਼ਟਰੀ ਅਖੰਡਤਾ ਅਤੇ ਅੰਤਰਰਾਸ਼ਟਰੀ ਸਮਝ ਦੇ ਸਮਾਜ ਵਿਗਿਆਨ ਪਾਠਕ੍ਰਮ ਲਈ ਕੀ ਨਿਹਿਤ ਭਾਵ ਹਨ?

ਪ੍ਰ.7 ਉਹ ਕਿਹੜੀਆਂ ਕਦਰਾਂ-ਕੀਮਤਾਂ ਅਤੇ ਮੁੱਦੇ ਹਨ, ਜਿਨ੍ਹਾਂ ਨੂੰ ਦੱਖਣੀ ਅਫਰੀਕਾ ਦੇ ਸਮਾਜ ਵਿਗਿਆਨ ਪਾਠਕ੍ਰਮ ਵਿੱਚ ਅਹਿਮ ਸਮਝਿਆ ਗਿਆ? ਕੀ ਇਨ੍ਹਾਂ ਕਦਰਾਂ-ਕੀਮਤਾਂ ਅਤੇ ਮੁੱਦਿਆਂ ਦੀ ਭਾਰਤ ਲਈ ਕੋਈ ਅਹਿਮੀਅਤ ਹੈ?

ਪ੍ਰ.8 ਉਹ ਕਿਹੜੀਆਂ ਕਦਰਾਂ-ਕੀਮਤਾਂ ਹਨ ਜਿਨ੍ਹਾਂ ਨੂੰ ਭਾਰਤ ਵਿੱਚ ਸਮਾਜ ਵਿਗਿਆਨ ਪਾਠਕ੍ਰਮ ਵਿਦਿਆਰਥੀਆਂ ਵਿੱਚ ਪ੍ਰੇਰਤ ਕਰਨ ਦਾ ਜਤਨ ਕਰਦਾ ਹੈ?

ਪ੍ਰ.9 ਭਾਰਤ ਵਿੱਚ ਸਮਾਜ ਵਿਗਿਆਨ ਵਿੱਚ ਨਵੀਆਂ ਅਧਿਆਪਨ-ਸਿਖਲਾਈ ਪਹੁੰਚਾਂ ਦੀ ਵਿਆਖਿਆ ਕਰੋ।